1920 ਤੋਂ

ਜਿਲਦ 106
ਨੰਬਰ 9

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੨ ਤੋਂ ੧੭ ਜੇਠ ੨੦੮੩ ਬਿ.
16 to 31 May 2026

# ਸਤਿਜੁਗ



10/-

# ਥਾਈਲੈਂਡ ਦੌਰਾ

18 ਤੋਂ 24 ਅਪ੍ਰੈਲ 2026











# ਸਤਿਜੁਗ

ਵ ਤੋਂ ੧੭ ਜੇਠ ੨੦੮੩ ਬਿ.
16 ਤੋਂ 31 ਮਈ 2026 ਈ.
ਜਿਲਦ 106, ਨੰਬਰ 9



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*


# ਤਤਕਰਾ


* ਸੰਪਾਦਕੀ......4
* ਗੁਰਬਾਣੀ ਵਿਆਖਿਆ......6
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ......8
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ......8
* ਬਾਬਾ ਬੀਰ ਸਿੰਘ ਉਰਫ ਬੀਰਮ ਦਾਸ ਅਤੇ ਰਾਈਆਂ ਦਾ ਮੁਕਦਮਾ
  ਸੁਵਰਨ ਸਿੰਘ ਵਿਰਕ......9
* ਪੰਜਾਬੀ ਲੋਕਗੀਤਾਂ ਵਿੱਚ ਪੰਜਾਬੀਅਤ ਦਾ ਤੇ ਰਾਸ਼ਟਰੀ ਚੇਤਨਾ ਦਾ ਸੰਕਲਪ
  ਡਾ. ਨਾਹਰ ਸਿੰਘ......14
* ਭੱਟ ਬਾਣੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰੂ ਉਪਮਾ
  ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)......21
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ......23
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ......26
* Cancer-linked Toxins in Tea bags
  CASSIDY MORRISON......29
* THE GAME OF LIFE
  Anandmurti Gurumaa......31
* MURDER OFBEEF BUTCHERS BY KUKAS
  Dr. Gurdev Singh Sidhu......34
* ਕਾਵਿ – ਕਿਆਰੀ......39
* ਸੁੱਚੇ-ਮੋਤੀ......40
* ਖ਼ਬਰਨਾਮਾ......41


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਪ੍ਰਮੇਸ਼ਰ ਨੂੰ ਸਾਡੇ ਗਿਆਨ ਸੋਮਿਆਂ ਨੇ ਨਿਰਗੁਣ, ਨਿਰਾਕਾਰ, ਰੂਪ-ਰੰਗ ਅਤੇ ਚਿੰਨ੍ਹ ਮੁਕਤ ਆਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਅਕਾਲ ਉਸਤਤ ਵਿਚ ਲਿਖਦੇ ਹਨ-

ਅਲਖ ਰੂਪ ਅਛੈ ਅਨਭੇਖਾ॥
ਰਾਗ ਰੰਗ ਜਿਹ ਰੂਪ ਨ ਰੇਖਾ
ਬਰਨ ਚਿਰਨ ਸਬਹੂੰ ਤੇ ਨਿਯਾਰਾ
ਆਦਿ ਪੁਰਖ ਅਦ੍ਵੈ ਅਬਿਕਾਰਾ॥

ਜਦੋਂ ਉਸ ਆਦਿ ਸੱਤਾ ਦਾ ਕੋਈ ਚਿੰਨ੍ਹ ਵਰਣ ਨਹੀਂ ਤਾਂ ਉਸ ਦਾ ਕੋਈ ਧਰਮ ਵੀ ਨਹੀਂ। ਇਸ ਲਈ ਉਸ ਪ੍ਰਮੇਸ਼ਰ ਨੂੰ ਅਧਰਮੀ ਜਾਂ ਅਮਜ਼ਬੀ ਵੀ ਕਿਹਾ ਹੈ। ਧਰਮ ਦੀ ਲੋੜ ਮਨੁੱਖ ਨੂੰ ਹੈ। ਜਿਸ ਨੇ ਧਰਮ ਆਸਰੇ ਆਪਣੇ ਅਦਰਸ਼ਾਂ ਦੀ ਸੇਧ ਵੱਲ ਵੱਧਣਾ ਹੈ। ਧਰਮ ਕੋਲੋਂ ਉਸ ਨੇ ਹਿੰਮਤ, ਦਲਾਸਾ ਲੈਣਾ ਹੈ ਤਾਂ ਕਿ ਉਹ 'ਮਨੁੱਖਤਾ' ਦੀ ਸਿਖਰ ਨੂੰ ਪ੍ਰਾਪਤ ਕਰ ਸਕੇ। ਹਰ ਧਰਮ ਦਾ ਆਪਣਾ ਇਕ ਦਰਸ਼ਨ ਅਤੇ ਪੀੜੀਆਂ ਦਾ ਸਿਰਜਿਆ ਇਤਿਹਾਸ ਹੁੰਦਾ ਹੈ ਜੋ ਵਰਤਮਾਨ ਮਨੁੱਖ ਨੂੰ ਹੋਰ ਵਧੀਆ, ਹੋਰ ਚੰਗਾ ਬਨਣ ਲਈ ਪ੍ਰੇਰਦਾ ਹੈ।

ਕਈ ਲੋਕ 'ਮਾਨਵਵਾਦ' ਅਤੇ 'ਧਰਮ' ਨੂੰ ਆਪਾ ਵਿਰੋਧੀ ਸਮਝਦੇ ਹਨ ਪਰ ਅਸਲ ਵਿਚ ਦੋਨਾਂ ਦੇ ਕੇਂਦਰ ਵਿਚ ਮਨੁੱਖ ਹੈ ਅਤੇ ਮਨੁੱਖੀ ਭਲਾਈ ਦੋਵਾਂ ਦਾ ਮਕਸਦ।

"ਧਰਮ ਬੇਸ਼ੱਕ ਈਸ਼ਵਰ ਤੇ ਬ੍ਰਹਮ ਦੀ ਗੱਲ ਕਰੇ ਅਰਸ਼ਾ ਕੁਰਸ਼ਾਂ ਤੇ ਦੇਵ ਲੋਕਾਂ ਦੀ ਗੱਲ ਕਰੇ, ਆਖਿਰ ਉਸ ਦੀ ਹਰ ਸਿੱਖਿਆ ਤੇ ਉਪਦੇਸ਼ ਮਨੁੱਖ ਨੂੰ ਸੰਬੋਧਿਤ ਹੈ, ਮਨੁੱਖ ਦੀ ਭਲਾਈ ਲਈ ਹੈ। ਧੁਰਾ ਧਰਮ ਦਾ ਵੀ, ਮਾਨਵਵਾਦ ਵਾਂਗ, ਮਨੁੱਖ ਹੀ ਹੈ, ਜੇ ਮੁਕਤੀ ਮਿਲਣੀ ਹੈ ਤਾਂ ਮਨੁੱਖ ਨੂੰ ਬ੍ਰਹਮ

ਗਿਆਨ ਪ੍ਰਾਪਤ ਹੋਣਾ ਹੈ ਤਾਂ ਮਨੁੱਖ ਨੂੰ ਹੋਣਾ ਹੈ। ਧਰਮ ਪੁਸਤਕਾਂ ਦੀ ਕੁੱਲ ਚਰਚਾ ਚਾਹੇ ਪਰਾ ਭੌਤਿਕ ਮੰਡਲਾਂ ਦੀ ਚਾਹੇ ਗੈਰ ਮਨੁੱਖੀ ਹਸਤੀਆਂ ਤੇ ਸ਼ਕਤੀਆਂ ਦੀ ਮਨੁੱਖ ਨੂੰ ਸਮਝਾਉਣ ਹਿੱਤ ਹੈ, ਉਸ ਦਾ ਨੈਤਿਕ ਅਧਿਆਤਮਕ ਵਿਕਾਸ ਕਰਨ ਹਿੱਤ ਹੈ। ਉਸ ਨੂੰ ਆਪਣਾ ਅੰਤਮ ਵਾਸਤਾ ਤੇ ਪਰਮ ਲੱਕਛ ਪਛਾਣਨ ਦੀ ਪ੍ਰੇਰਨਾ ਦੇਣ ਹਿੱਤ ਹੈ। ਧਰਮ ਦੀ ਸਮੁੱਚੀ ਭਾਵਨਾ ਮਾਨਵਵਾਦੀ ਭਾਵਨਾ ਦੇ ਵਿਪਰੀਤ ਨਹੀਂ ਅਨੁਕੂਲ ਹੈ। ”❀

ਧਰਮ ਅਤੇ ਮਾਨਵਵਾਦ ਨੂੰ ਜੇ ਅਸੀਂ ਇਕ ਰੂਪ ਨਹੀਂ ਕਰ ਸਕਦੇ ਤਾਂ ਇਸ ਨੂੰ ਇਕ ਦੂਜੇ ਨਾਲੋਂ ਨਿਖੇੜ ਵੀ ਨਹੀਂ ਸਕਦੇ। ਮਾਨਵਵਾਦੀ ਭਾਵ ਵਾਲਾ ਧਰਮੀ ਮਨੁੱਖ ਹਰ ਹਿਰਦੇ ਅੰਦਰ ਆਪਣੇ ਪ੍ਰੀਤਮ ਦਾ ਵਾਸ ਵੇਖਦਾ ਹੈ। ਇਸ ਤੋਂ ਅੱਗੇ ਇਕ ਪੂਰਨ ਧਰਮੀ ਮਨੁੱਖ ਹਰ ਜੀਵਮਾਤਰ ਅੰਦਰ ਆਪਣਾ ਪ੍ਰਭੂ ਪਿਆਰਾ ਵੇਖਦਾ ਹੈ।

ਉਹ ਕਿਸੇ ਜੀਵਮਾਤਰ ਨਾਲ ਹਿੰਸਾ ਨਹੀਂ ਕਰ ਸਕਦਾ। ਇਸ ਲਈ ਹਰ ਥਾਂ ਬ੍ਰਹਮ ਨੂੰ ਦੇਖਣ ਵਾਲੇ ਕਬੀਰ ਸਾਹਿਬ ਨੇ ਕਿਹਾ ਸੀ–

ਬੇਦ ਕਤੇਬ ਕਹਹੁ ਮਤ ਝੂਠੇ
ਝੂਠਾ ਜੋ ਨ ਬਿਚਾਰੈ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ
ਤਉ ਕਿਉ ਮੁਰਗੀ ਮਾਰੈ॥
ਮੁਲਾਂ ਕਹਹੁ ਨਿਆਉ ਖੁਦਾਈ
ਤੇਰੇ ਮਨ ਕਾ ਭਰਮ ਨ ਜਾਈ॥ ਰਹਾਉ॥
ਪਕਰਿ ਜੀਉ ਅਨਿਆ ਦੇਹ ਬਿਨਾਸੀ
ਮਾਟੀ ਕਉ ਬਿਸਮਿਲਿ ਕੀਆ
ਜੋਤ ਸਰੂਪ ਅਨਾਹਤ ਲਾਗੀ
ਕਹੁ ਹਲਾਲ ਕਿਆ ਕੀਆ॥

ਇਸ ਸ਼ਬਦ ਦੀਆ ਪੰਗਤੀਆਂ ਸਾਫ਼ ਅਰਥਾਂ ਵਿਚ ਕਹਿ ਰਹੀਆਂ ਹਨ ਕਿ ਜੇ ਤੂੰ ਹਰ ਥਾਂ ਖੁਦਾ ਨੂੰ ਸਮਝਦਾ ਹੈ ਤਾਂ ਤੈਨੂੰ ਜੀਵ ਹੱਤਿਆ ਨਹੀਂ ਕਰਨੀ ਚਾਹੀਦੀ ਕਿਉਂਕਿ ਉਸ ਵਿਚ ਵੀ ਉਹੀ ਜੋਤ ਹੈ ਜੋ ਤੇਰੇ ਅੰਦਰ ਹੈ। ਇਸ ਲਈ ਧਰਮੀ ਮਨੁੱਖ ਤਾਂ ਹਰ ਵਿਚ ਹਰੀ ਨੂੰ ਵੇਖਦਾ ਹੈ ਕਿਸੇ ਦਾ ਵੀ ਬੁਰਾ ਨਹੀਂ ਕਰ ਸਕਦਾ। ਦੂਸਰਾ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਵਾਲਾ ਸੱਚ ਮੁੱਚ ਸਾਡਾ ਮਨ ਬਣ ਜਾਵੇ ਤਾਂ ਅਸੀਂ ਉਤਮ ਮਨੁੱਖਤਾ ਦੀ ਸ੍ਰੇਣੀ ਵਿਚ ਆ ਜਾਵਾਂਗੇ। ਜਿਥੇ ਖੁਦਗਰਜੀ ਨਹੀਂ ਹੋਵੇਗੀ, ਲੋਭ ਨਹੀਂ ਹੋਵੇਗਾ, ਮੇਰ ਤੇਰ ਦੇ ਵਕਾਰ ਖਤਮ ਹੋ ਜਾਣਗੇ, ਜਿਸ ਨੂੰ ਅਸੀਂ ਅਸਲ ਧਰਮੀ ਮਨੁੱਖ ਕਹਿ ਸਕਦੇ ਹਾਂ।

ਸਿੱਖ ਧਰਮ ਦੀ ਇਹ ਅਰਦਾਸ ਮਾਨਵਵਾਦ ਦਾ ਸਿਖਰ ਹੈ ਜਿਸ ਵਿਚ 'ਸਰਬੱਤ ਦਾ ਭਲਾ' ਮੰਗਣਾ ਹੈ। ਗੁਰੂ ਅਮਰਦਾਸ ਜੀ ਫਰਮਾਉਂਦੇ ਹਨ–

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਾਰੈ, ਤਿਤੈ ਲੈਹੁ ਉਬਾਰਿ॥

ਇਸ ਲਈ ਧਰਮ ਮਨੁੱਖ ਅੰਦਰ ਆਤਮ ਸ਼ੁੱਧੀ ਪੈਦਾ ਕਰਨ ਵਾਲਾ ਵਿਧੀਵੱਧ ਵਰਤਾਰਾ ਹੈ। ਜੋ ਹੋਰ ਲਈ ਭਲਾ ਲੋਚਦਾ ਹੈ, ਧਰਮੀ ਮਨੁੱਖ ਕਿਵੇਂ ਸਰਬੱਤ ਦਾ ਭਲਾ ਮੰਗਣ ਵਾਲਾ ਹੁੰਦਾ ਹੈ? ਇਹ ਅਰਥ ਸਾਨੂੰ ਸਾਡੇ ਸਤਿਗੁਰਾਂ ਨੇ ਸਮਝਾਏ ਹਨ–

ਗੁਰੂ ਘਰ ਪ੍ਰਤੀ ਸਾਰੀ ਜ਼ਿੰਦਗੀ ਸੁਖੂ ਨੰਬਰਦਾਰ ਨੇ ਬਦਨਿਤੀ ਰੱਖੀ, ਅੰਤ ਸਮੇਂ ਬਿਸਤਰੇ ਵਿਚ ਬਿਮਾਰ ਪਿਆ ਸੀ। ਸਤਿਗੁਰੂ ਹਰੀ ਸਿੰਘ ਪਤਾ ਲੈਣ ਗਏ। ਉਸਦੇ ਘਰੋਂ ਜਦੋਂ ਵਾਪਸ ਆਏ ਤਾਂ ਕਈ ਸਿੱਖਾਂ ਉਜਰ ਕੀਤਾ ਪਾਤਸ਼ਾਹ ਉਹ ਤਾਂ ਸਦਾ ਗੁਰੂ ਘਰ ਲਈ ਬੁਰਾ ਲੋਚਦਾ ਰਿਹਾ, ਇਥੋਂ ਤੱਕ ਕਿ ਸਾਰੀ ਜ਼ਿੰਦਗੀ ਮੁਖ਼ਬਰ ਬਣ ਝੂਠੀਆਂ ਖਬਰਾਂ ਅੰਗਰੇਜ਼ੀ ਸਰਕਾਰ ਨੂੰ ਦਿੰਦਾ ਰਿਹਾ ਆਪ ਇਸ ਦਾ ਪਤਾ ਲੈਣ ਆ ਗਏ ਹੋ? ਸਤਿਗੁਰੂ ਜੀ ਉੱਤਰ ਦਿੱਤਾ ਭਾਈ ਦੁਸ਼ਮਣੀ ਇਹ ਕਰਦਾ ਰਿਹਾ, ਅਸੀਂ ਨਹੀਂ। ਸਾਨੂੰ ਤੇ ਧਰਮ ਸਰਬੱਤ ਦਾ ਭਲਾ ਸਿਖਾਉਂਦਾ ਹੈ।

❀ ਧਰਮ ਦਾ ਦਾਰਸ਼ਨਿਕ ਪੱਖ – ਵਜੀਰ ਸਿੰਘ

## ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਮਃ ੧॥**

**ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਜੋ ਵੀ ਗੱਲ ਤੂੰ ਮਿਥੀ ਹੈ,
ਉਹ ਤਾਂ ਪ੍ਰਗਟ ਹੋਵੇਗੀ ਹੀ ਕਿਉਂਕਿ ਉਹ ਸੱਚਾ ਪ੍ਰਭੂ ਸਭ ਨੂੰ ਵੇਖਦਾ ਹੈ।
Sri Guru Ji Says: whatever has been pre-ordained by God will manifest itself,
the True God is Omnipresent

**ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥**

ਸਾਰੇ ਆਪੋ ਆਪਣਾ ਜ਼ੋਰ ਲਾਉਂਦੇ ਹਨ, ਪਰ ਹੁੰਦਾ ਉਹ ਹੈ ਜੋ ਕਰਤਾਰ ਕਰਦਾ ਹੈ।
Everyone tries to make attempts; but whatever the God decides, that only happens.

**ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥**

ਜੀਵ ਦੇ ਅਗਲੇ ਸਫ਼ਰ ਵਿੱਚ ਨਵੇਂ ਲੋਕ ਮਿਲਣੇ ਹਨ,
ਇਸ ਲਈ ਉਸ ਦੀ ਜ਼ਾਤ ਜਾਂ ਤਾਕਤ ਦਾ ਉੱਥੇ ਕੋਈ ਮੁੱਲ ਨਹੀਂ ਪਵੇਗਾ।
In the world hereafter, social standing and power are irrelevant;
there, new people will be found.

**ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥੩॥**

ਜਿਨ੍ਹਾਂ ਨੂੰ ਉਸ ਸਮੇਂ ਵੀ ਆਦਰ ਮਾਣ ਮਿਲ ਜਾਵੇ, ਉਹ ਹੀ ਲੋਕ ਭਲੇ ਗਿਣੇ ਜਾਂਦੇ ਹਨ।
Only those, whose destiny is filled with honor, are considered good

**ਪਉੜੀ॥**

**ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ॥**

ਤੂੰ ਜਿਨ੍ਹਾਂ 'ਤੇ ਧੁਰੋਂ ਹੀ ਮਿਹਰ ਕੀਤੀ ਹੈ, ਉਨ੍ਹਾਂ ਨੇ ਹੀ ਮਾਲਕ ਨੂੰ ਸਿਮਰਿਆ ਹੈ।
O, God! Those whom You have showered
Your grace upon, have meditated on the Husband-Lord.

**ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ॥**

ਇਨ੍ਹਾਂ ਜੀਵਾਂ ਦੇ ਤਾਂ ਕੁਝ ਵੀ ਵੱਸ ਦੀ ਗੱਲ ਨਹੀਂ,
ਤੂੰ ਹੀ ਸੰਸਾਰ ਨੂੰ ਭਿੰਨਤਾ ਭਾਵ ਵੱਖਰੇ-ਵੱਖਰੇ ਰੂਪ ਵਿਚ ਪੈਦਾ ਕੀਤਾ ਹੋਇਆ ਹੈ।
These beings do not have any authority. You have created the diversified world.

**ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ॥**

ਕਈਆਂ ਨੂੰ ਤੂੰ ਆਪ ਹੀ ਮਿਲਾ ਲੈਂਦਾ ਹੈਂ ਅਤੇ ਕਈਆਂ ਨੂੰ ਤੂੰ ਆਪਣੇ ਆਪ ਨਾਲੋਂ ਵਿਛੋੜ ਦੇਂਦਾ ਹੈ।
Some are united by You, whilst You disassociate others

**ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ॥**
ਜਿਸ ਨੂੰ ਤੂੰ ਆਪ ਸੋਝੀ ਦਿੱਤੀ ਉਸ ਨੇ ਹੀ ਗੁਰੂ ਦੀ ਮਿਹਰ ਨਾਲ ਤੈਨੂੰ ਜਾਣਿਆ ਹੈ।
Whosoever You have blessed with realization, visualize You through the grace of Guru.

**ਸਹਜੇ ਹੀ ਸਚਿ ਸਮਾਇਆ॥੧੧॥**
ਉਹ ਸਹਿਜੇ ਹੀ ਸੱਚੇ ਪ੍ਰਭੂ ਨਾਲ ਮਿਲ ਜਾਂਦਾ ਹੈ।
Such a person realizes the true God effortlessly.

**ਸਲੋਕੁ ਮਃ ੧॥**
**ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥**
ਦੁੱਖ ਦਵਾਈ ਹੈ ਅਤੇ ਸੁੱਖ ਰੋਗ ਹੈ, ਕਿਉਂਕਿ ਜਦੋਂ ਸੁੱਖ ਹੁੰਦਾ ਹੈ ਓਦੋਂ ਪਰਮੇਸ਼ਰ ਨੂੰ ਪਾਉਣ ਦੀ ਇੱਛਾ ਨਹੀਂ ਹੁੰਦੀ।
Salok of the First Guru: Suffering is the medicine and pleasure is the illness,
where there is pleasure there is no longing for God.

**ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥੧॥**
ਤੂੰ ਕਰਨਹਾਰ ਹੈਂ, ਮੈਂ ਕੁਝ ਨਹੀਂ ਕਰ ਸਕਦਾ, ਮੇਰਾ ਕੀਤਾ ਕੁਝ ਨਹੀਂ ਹੁੰਦਾ।
You are the creator God, I cannot do anything. Even if I do, nothing materializes

**ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥੧॥ ਰਹਾਉ॥**
ਹੇ ਕੁਦਰਤ ਵਿਚ ਵੱਸੇ ਹੋਏ ਕਾਦਰ ਮੈਂ ਬਲਿਹਾਰ ਹਾਂ ਕਿਉਂਕਿ ਤੇਰਾ ਅੰਤ ਨਹੀਂ ਪਾਇਆ ਜਾ ਸਕਦਾ।
I am amazed at the creation where You reside; I am a sacrifice to You.
Your limits cannot be found. IIPauseII

**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥**
ਸਾਰੇ ਸੰਸਾਰ ਵਿਚ ਤੇਰੀ ਜੋਤ ਵਿਆਪਕ ਹੈ ਅਤੇ ਸਾਰੇ ਜੀਵਾਂ ਵਿਚ ਤੇਰਾ ਨੂਰ ਵੱਸਦਾ ਹੈ,
ਹੇ ਪ੍ਰਭੂ! ਤੇਰੀ ਕਲਾ ਹੀ ਵਰਤ ਰਹੀ ਹੈ।
Your radiance is spread throughout the world, all beings are illuminated by Your
radiance. Your supreme power permeates everywhere.


**ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ॥**
ਤੂੰ ਸੱਚਾ ਸਾਹਿਬ ਹੈਂ, ਤੇਰੀ ਸ਼ੋਭਾ ਸੁੰਦਰ ਹੈ, ਜਿਸ ਨੇ ਤੇਰੀ ਸ਼ੋਭਾ ਕੀਤੀ, ਉਹ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ।
You are the true master, Your praise is delightful.
Whosoever praises you, sails across the ocean of materialism easily.

**ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਕਰਤਾ ਪੁਰਖ ਦੀ ਰਜ਼ਾ ਹੈ, ਜੋ ਕੁਝ ਵੀ ਉਸ ਕਰਨਾ ਹੈ, ਉਹ ਕਰ ਰਿਹਾ ਹੈ।
Sri Guru Ji says: such is the nature of God; He does, whatever He wishes.

ਨਾਮਧਾਰੀ ਨਿਤਨੇਮ ਸਟੀਕ ਵਿਚੋਂ

ਚਲਦਾ...

## ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ




ਹੋਰ ਭਾਈ ਸਿਆਮ ਸਿੰਘ ਜੀ ਸਾਰੀ ਸੰਗਤ ਨੂੰ ਏਹੁ ਹੁਕਮ ਦੇਣਾ ਭੋਗ ਗਰੰਥ ਸਾਹਿਬ ਦੇ ਪਾਉਣ ਤੇ ਬਾਣੀ ਕੰਠ ਕਰਨੀ ਸਰਬ ਬੁਢੇ ਬਾਲੇ ਮਾਈ ਬੀਬੀ ਪਿਛਾ ਰਾਤ ਇਸਨਾਨ। ਤੇ ਲਟਕੇ ਲਟਕੀਆ ਨੂ ਅਖਰ ਪੜਾ ਦੇਣੇ ਅਰ ਜਥਾ ਸਕਤ ਸੇਵਾ ਬੀ ਕਰਨੀ ਅਨ ਬਸਤ੍ਰ ਦੀ ਲੋੜਮਾਨ ਦੀ, ਚਾਹੇ ਕਿਸੇ ਭੇਖ ਦਾ ਹੋਵੇ, ਚਾਹੇ ਨਿੰਦਕ ਬੀ ਹੋਵੇ।

......ਹੋਰ ਭਾਈ ਕਾਨ੍ਹ ਸਿੰਘ ਜੀ ਇਕ ਤੁਸਾ ਨੂ ਕੀ ਸਾਰੀ ਸੰਗਤ ਨੂੰ ਏਹੁ ਹੁਕਮ ਹੈ ਜੋ ਬਾਣੀ ਕੰਠ, ਭਜਨ ਇਸਨਾਨ, ਬੰਡ ਛਕਨਾ ਜਥਾ ਸਕਤ। ਹੋਰ ਜੀ ਅਗੇ ਇਹੁ ਬਾਤ ਹੈ ਜੇ ਤਾ ਗੁਰੂ ਸਾਹਿਬ ਨੇ ਗਊਆ ਉਤੇ ਰਛਾ ਕੀਤੀ ਤਾ ਕੀਤੀ, ਨਹੀ ਤਾ ਸਾਰੀ ਪਿਰਥੀ ਬਡਾ ਦੁਖ ਪਾਵੇਗੀ।

**(ਹੁਕਮਨਾਮਾ ੧੬ ਵਾਂ)**

## ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ




ਮਨੁੱਖ ਦਾ ਸੁਭਾ ਇਸ ਤਰ੍ਹਾਂ ਦਾ ਬਣਿਆ ਹੈ, ਆਪਣੇ ਗੁਣ ਵੇਖੇਗਾ, ਕਿਸੇ ਦੇ ਔਗੁਣ ਵੇਖੇਗਾ। ਪਰ ਜੇ ਇਹਦੇ ਉਲਟ ਗਲ ਕਰ ਲਈ ਜਾਵੇ ਤੇ ਮਨੁੱਖ ਸੌਖਾ ਹੋ ਜਾਂਦਾ ਹੈ।

ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ, ਸਤਿਗੁਰਾਂ (ਸਤਿਗੁਰੂ ਪ੍ਰਤਾਪ ਸਿੰਘ ਜੀ) ਨੇ ਉਨ੍ਹਾਂ ਦੇ ਬਚਨ ਬੜੀ ਵੇਰਾਂ ਸੁਣਾਏ ਨੇ। ਉਹ ਕਹਿੰਦੇ ਹੁੰਦੇ ਸਨ ਕਿਸੇ ਦੇ ਲਵੋ ਤੇ ਗੁਣ ਲਵੋ। ਜਿਹੜੇ ਤੁਹਾਡੇ ਵਿਚ ਗੁਣ ਹੇਗੇ ਨੇ ਉਹ ਤੇ ਹੈ ਹੀ ਨੇ, ਜਿਹੜੇ ਕਿਸੇ ਦੇ ਲੈ ਲਵੋਗੇ ਉਹ ਤੁਹਾਨੂੰ ਵਾਧੂ ਪ੍ਰਾਪਤ ਹੋ ਜਾਣਗੇ। ਜੇ ਔਗੁਣ ਵੇਖਣ ਨੂੰ ਬੜਾ ਹੀ ਜੀਅ ਕਰੇ ਦੂਰ ਜਾਣ ਦੀ ਲੋੜ ਨਹੀਂ- ਇਹ ਤੇ ਆਪਣੇ ਅੰਦਰ ਹੀ ਬੜੇ ਨੇ।

ਅਸੀਂ ਚੰਗੇ ਕੰਮਾਂ ਲਈ ਹਰ ਸਮੇਂ ਮਿਲਦੇ ਰਹੀਏ ਤਾਂ ਕਿ ਬੁਰੇ ਕੰਮਾਂ ਲਈ ਸਾਡੇ ਕੋਲ ਟਾਈਮ ਹੀ ਨਾ ਹੋਵੇ।

ਅਸੀਂ ਸਮਝਦੇ ਹਾਂ ਕਿ ਅਕਾਲੀ ਨਹੀਂ ਚੰਗੇ, ਸਿੰਘ ਸਭੀਏ ਨਹੀਂ ਚੰਗੇ, ਹਿੰਦੂ ਨਹੀਂ ਚੰਗੇ, ਚੰਗੇ ਸਾਰੇ ਹੀ ਨੇ, ਆਪ ਆਦਮੀਂ ਚੰਗਾ ਹੋਵੇ ਤਾਂ ਫੇਰ ਸਾਰੇ ਹੀ ਚੰਗੇ ਲਗਦੇ ਨੇ।

# ਬਾਬਾ ਬੀਰ ਸਿੰਘ ਉਰਫ ਬੀਰਮ ਦਾਸ ਅਤੇ ਰਾਈਆਂ ਦਾ ਮੁਕਦਮਾ



**ਸੁਵਰਨ ਸਿੰਘ ਵਿਰਕ**
**9996371716**

ਬੀਰ ਸਿੰਘ ਉਰਫ ਬੀਰਮ ਦਾਸ ਉਰਫ ਬੀਰ ਸਿੰਘ ਜਹਾਨ, ਪਿੰਡ ਰਾਈਆਂ ਜ਼ਿਲ੍ਹਾ, ਲੁਧਿਆਣਾ ਦੇ ਉਦਾਸੀ ਡੇਰੇ ਦੇ 1915 ਤੋਂ 1929 ਤੱਕ 14 ਸਾਲ ਮਹੰਤ ਰਹੇ ਸਨ। 4 ਮਈ 1915 ਨੂੰ ਇਸ ਡੇਰੇ ਦੇ ਮਹੰਤ ਧਰਮ ਦਾਸ ਦੇ ਚਲਾਣਾ ਕਰ ਜਾਣ ਬਾਅਦ, ਹਰੀ ਦਾਸ, ਬੀਰਮ ਦਾਸ ਅਤੇ ਲਾਲ ਦਾਸ ਜੋ ਆਪਣੇ ਆਪ ਨੂੰ ਧਰਮ ਦਾਸ ਦੇ ਚੇਲੇ ਦੱਸਦੇ ਸਨ, ਵਿਚਾਲੇ ਲੰਬੀ, ਅਕਾਊ ਅਤੇ ਖਰਚੀਲੀ ਮੁਕਦਮੇ ਬਾਜ਼ੀ ਅਰੰਭ ਹੋਈ, ਜੋ 13-14 ਸਾਲ ਤੱਕ ਚੱਲਦੀ ਰਹੀ ਅਤੇ ਓੜਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਉਦਾਰਤਾ, ਵਿਸ਼ਾਲਤਾ ਅਤੇ ਦਯਾ ਦ੍ਰਿਸ਼ਟੀ ਸਦਕਾ ਇਸ ਵਿਵਾਦ ਨੂੰ ਸਦਾ ਸਦਾ ਲਈ ਨਿਪਟਾ ਦਿੱਤਾ ਗਿਆ ਸੀ।

ਇਹ ਬੀਰ ਸਿੰਘ ਜਾਂ ਬੀਰਮ ਦਾਸ ਭੈਣੀ ਸਾਹਿਬ ਦੇ ਲਾਗਲੇ ਪਿੰਡ ਰਾਮਪੁਰ, ਰਿਆਸਤ ਪਟਿਆਲਾ ਦਾ ਵਸਨੀਕ ਸੀ। ਉਹ ਮਾਂਗਟ ਗੋਤ ਦੇ ਜ਼ਿੰਮੀਦਾਰ ਪਰਿਵਾਰ ਨਾਲ ਸਬੰਧਿਤ ਸਨ। ਉਹਨਾਂ ਦਾ ਜਨਮ 1870 ਈ. ਵਿੱਚ ਪਿੰਡ ਰਾਮਪੁਰ ਵਿਖੇ ਹੀ ਹੋਇਆ। ਇਹਨਾਂ ਤੋਂ ਦਸ ਸਾਲ ਛੋਟਾ ਇੱਕ ਭਰਾ ਕੇਹਰ ਸਿੰਘ ਜੀ ਜੋ 1901 ਵਿੱਚ ਫੌਜ ਵਿੱਚ ਭਰਤੀ ਹੋ ਗਏ। ਇਹ 47 ਸਿੱਖ ਰੈਜੀਮੈਂਟ ਵਿੱਚ ਸਿਗਨਲਰ ਦੇ ਤੌਰ ਤੇ ਕੰਮ ਕਰਦੇ ਰਹੇ ਸਨ। ਪਹਿਲੇ ਵਿਸ਼ਵ ਯੁੱਧ ਵਿੱਚ ਫਰਾਂਸ ਦੀ ਲੜਾਈ ਵਿੱਚ ਲੜੇ ਅਤੇ ਜ਼ਖਮੀ ਹਾਲਤ ਵਿੱਚ ਅੱਠ ਰੁਪੈ ਮਹੀਨਾ ਪੈਨਸ਼ਨ ਲੈ ਕੇ ਘਰ ਆ ਗਏ। 15 ਨਵੰਬਰ 1915 ਨੂੰ ਕੇਹਰ ਸਿੰਘ ਦੇ ਘਰ ਸ. ਗੁਰਦੇਵ ਸਿੰਘ ਮਾਂਗਟ ਜਨਮੇ ਸਨ ਜੋ ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਕੱਤਰ ਕਮ ਡਰਾਇਵਰ ਵੀ ਰਹੇ ਹਨ। ਆਪਣੇ ਤਾਏ ਬੀਰ ਸਿੰਘ ਲਈ ਪਿੰਡੋਂ ਕਈ ਦਫਾ ਖਾਧ ਖੁਰਾਕ ਲੈ ਕੇ ਗੁਰਦੇਵ ਸਿੰਘ ਸ੍ਰੀ ਭੈਣੀ ਸਾਹਿਬ ਜਾਇਆ ਕਰਦਾ ਸੀ ਤੇ ਉਸਦੇ ਮੈਟ੍ਰਿਕ ਪਾਸ ਕਰਨ ਬਾਅਦ ਤਾਏ ਦੇ ਸਬੱਬ ਹੀ ਉਹ ਸਤਿਗੁਰੂ ਜੀ ਦੀ ਸੇਵਾ ਵਿੱਚ ਆਇਆ ਸੀ।[1]

ਬੀਰ ਸਿੰਘ ਹੋਰਾਂ ਦੇ ਪਿਤਾ ਦਾ ਨਾਮ ਸਾਹਿਬ ਸਿੰਘ ਮਾਂਗਟ ਅਤੇ ਮਾਤਾ ਦਾ ਨਾਮ ਰਾਮ ਕੌਰ ਸੀ।[2] ਗੁਰਦੇਵ ਸਿੰਘ ਦੇ ਤਾਇਆ ਬੀਰ ਸਿੰਘ ਰਾਈਆਂ ਸਾਧਾਂ ਕੋਲ ਰਹਿੰਦੇ ਸਨ। ਉਥੇ ਉਹਨਾਂ ਦਾ ਨਾਮ ਬੀਰਮ ਦਾਸ ਸੀ। ਜਦੋਂ ਡੇਰੇ ਦਾ ਸਾਧ (ਨਿਹਾਲ ਦਾਸ) ਚੜ੍ਹਾਈ ਕਰ ਗਿਆ ਤਾਂ ਬੀਰਮ ਦਾਸ ਜੀ, ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਦੀ ਸੇਵਾ ਵਿਚ ਆ ਗਏ। ਸਤਿਗੁਰੂ ਜੀ ਕੋਲ ਆ ਕੇ ਇਹਨਾਂ ਦਾ ਨਾਮ ਮਹੰਤ ਬੀਰ ਸਿੰਘ ਜਹਾਨ ਪੈ ਗਿਆ।

"ਇਹ ਸਰੀਰ ਦੇ ਬਹੁਤ ਤਕੜੇ ਸਨ। ਕਹਿੰਦੇ ਹਨ ਕਿ ਅਕਾਲ ਬੁੰਗੇ ਦੇ ਸਾਹਮਣੇ ਜਿਹੜਾ ਖੂਹ ਹੈ, ਉਸ ਵਿਚੋਂ ਚਰਸ ਨਾਲ ਪਾਣੀ ਕੱਢ ਕੇ, ਇਹਨਾਂ ਨੇ ਖੂਹ ਖਾਲੀ ਕਰ ਦਿੱਤਾ ਸੀ। ਇਹ ਗਾਈਆਂ ਦੀ ਬਹੁਤ ਸੇਵਾ ਕਰਦੇ ਹੁੰਦੇ ਸਨ। ਇੱਕ ਵੱਛੀ ਨੂੰ ਕੋਈ ਅਧਮੋਈ ਕਰਕੇ ਟਿੱਬੇ ਤੇ ਸੁੱਟ ਗਿਆ ਸੀ। ਇਹਨਾਂ ਨੇ ਉਸ ਨੂੰ ਮੋਢੇ ਤੇ ਚੁੱਕ ਕੇ ਲੈ ਆਂਦਾ ਤੇ ਸੇਵਾ ਕਰਕੇ ਬਿਲਕੁਲ ਠੀਕ-ਠਾਕ ਕਰ ਲਿਆ। ਇਹਨਾਂ ਦਾ ਡੇਰਾ ਤਬੇਲੇ ਵਿੱਚ ਇੱਕ ਕਮਰੇ ਵਿੱਚ ਹੁੰਦਾ ਸੀ, ਜਿਸਨੂੰ ਰਾਮਪੁਰ ਤੋਂ ਇੱਟਾਂ ਬਾਲੇ ਲਿਆ ਕੇ ਬਣਾਇਆ ਸੀ। ਸਰੀਰਕ ਤੌਰ ਤੇ ਬਹੁਤ ਤਕੜੇ ਹੋਣ ਕਰਕੇ, ਗੁਰੂ ਘਰ ਦੀ ਬਹੁਤ ਅਣਥੱਕ ਸੇਵਾ ਕੀਤੀ ਅਤੇ ਸਤਿਗੁਰਾਂ ਦੀਆਂ ਖੁਸ਼ੀਆਂ ਦੇ ਪਾਤਰ ਬਣੇ। ਭਾਂਵੇ ਬਿਲਕੁਲ ਅਨਪੜ੍ਹ ਸਨ ਪਰ ਬਾਣੀ ਬਹੁਤ ਯਾਦ ਸੀ। ਹਰ ਸਮੇਂ ਸੇਵਾ ਕਰਦੇ ਰਹਿਣਾ ਅਤੇ ਮਨ ਨਾਲ ਭਜਨ ਬਾਣੀ ਕਰਦੇ ਰਹਿਣਾ, ਇਹਨਾਂ ਦਾ ਸੁਭਾਅ ਸੀ। ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ (17 ਮਈ 1906), ਗੁਰੂ ਹਰੀ ਸਿੰਘ ਜੀ ਵਾਲੇ ਚੁਬਾਰੇ ਵਿੱਚ ਹੀ ਰਹਿਣ ਲੱਗ ਪਏ ਸਨ।[3]

ਲੁਧਿਆਣਾ ਜ਼ਿਲ੍ਹੇ ਦਾ ਰਾਈਆਂ ਨਗਰ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਹੋਣ ਕਰਕੇ ਹੁਣ ਤਾਂ ਵਿਸ਼ਵ ਵਖਿਆਤ ਹੈ। ਇਸ ਪਿੰਡ ਤੋਂ ਉਠਕੇ ਹੀ ਸ੍ਰੀ ਸਤਿਗੁਰੂ ਜੀ ਦਾ ਪਰਿਵਾਰ ਉਦੋਂ ਦੇ ਪਿੰਡ ਭੈਣੀ ਆਲਾ ਜਾਂ ਭੈਣੀ ਭੂੰਦੜ ਵਿਚ ਆ ਵੱਸਿਆ ਸੀ ਜੋ ਹੁਣ ਗੁਰੂ ਨਗਰੀ ਹੋਣ

ਕਾਰਨ ਸ੍ਰੀ ਭੈਣੀ ਸਾਹਿਬ ਦੇ ਨਾਮ ਨਾਲ ਜਾਣੀ ਜਾਂਦੀ ਹੈ। ਭੈਣੀ ਸਾਹਿਬ ਅਤੇ ਰਾਈਆਂ ਦੇ ਵਿਚਾਲੇ ਉਦਾਸੀ ਸੰਪ੍ਰਦਾਇ ਦੇ ਸਾਧੂਆਂ ਦਾ ਇੱਕ ਡੇਰਾ ਚਲਿਆ ਆ ਰਿਹਾ ਸੀ। ਇਹ ਸੰਪ੍ਰਦਾਇ ਸ੍ਰੀ ਗੁਰੂ ਨਾਨਕ ਜੀ ਦੇ ਵੱਡੇ ਸਾਹਿਬਜ਼ਾਦੇ, ਬਾਬਾ ਸ੍ਰੀ ਚੰਦ ਜੀ ਦੀ ਚਲਾਈ ਹੈ। ਕਿਉਂਕਿ ਉਦਾਸੀ ਸਾਧੂ ਗੁਰਬਾਣੀ ਦੁਆਰਾ ਸਿੱਖੀ ਪ੍ਰਚਾਰ ਕਰਿਆ ਕਰਦੇ ਸਨ ਅਤੇ ਬੱਚਿਆਂ ਨੂੰ ਗੁਰਮੁੱਖੀ ਅੱਖਰ ਪੜ੍ਹਾ ਕੇ ਗੁਰਬਾਣੀ ਦੀ ਸੰਥਿਆ ਵੀ ਦਿਆ ਕਰਦੇ ਸਨ, ਇਸ ਲਈ ਸਿੱਖ ਰਾਜ ਦੇ ਸਮੇਂ ਇਹਨਾਂ ਡੇਰਿਆਂ ਦੇ ਨਾਮ ਜ਼ਮੀਨਾਂ ਵੀ ਲਾ ਦਿੱਤੀਆਂ ਸਨ। ਰਾਈਆਂ ਡੇਰੇ ਦੀ ਵੀ ਇਕ ਹਜ਼ਾਰ ਕੱਚਾ ਵਿਘਾ ਦੇ ਲਗਪਗ ਜ਼ਮੀਨ ਸੀ।

ਇਸ ਡੇਰੇ ਦਾ ਇੱਕ ਮਹੰਤ ਬਾਬਾ ਮਨਸਾ ਰਾਮ, ਗਊਆਂ ਦੀ ਸੇਵਾ ਕਰਨ ਲਈ ਬਹੁਤ ਮਸ਼ਹੂਰ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਹੋਰਾਂ ਦਾ ਚੰਗਾ ਮਿੱਤਰ ਸੀ। ਇਸ ਲਈ 1874 ਈ. ਵਿਚ ਬਾਬਾ ਜੀ ਦਾ ਸਸਕਾਰ, ਭੈਣੀ ਸਾਹਿਬ ਦੇ ਕੁਝ ਲੋਕਾਂ ਦੇ ਰਾਮਸਰ ਪਾਸ ਸਸਕਾਰ ਦਾ ਵਿਰੋਧ ਕਰਨ ਤੇ ਅਤੇ ਬਾਬਾ ਜੀ ਦੀ ਆਪਣੀ ਅੰਤਿਮ ਇੱਛਾ ਕਾਰਨ ਵੀ ਬਾਬਾ ਮਨਸਾ ਰਾਮ ਦੀ ਸਮਾਧ ਪਾਸ ਰਾਈਆਂ ਦੇ ਉਦਾਸੀ ਡੇਰੇ ਵਿਚ ਕੀਤਾ ਗਿਆ ਸੀ। ਸਤਿਗੁਰੂ ਜੀ ਆਪਣੇ ਇੱਕ ਹੁਕਮਨਾਮੇ ਵਿੱਚ ਵੀ ਲਿਖਦੇ ਹਨ, ਪਹਿਲੇ ਉਦਾਸੀ ਕਾ ਚੇਲਾ ਭੀ ਰਿਹਾ ਅਤੇ ਫਿਰ ਗੁਰੂ ਬਾਲਕ ਸਿੰਘ ਜੀ ਨੂੰ ਮਿਲਕੇ ਹੀ ਉਹਨਾਂ ਨੂੰ ਜੀਵਨ ਲਕਸ਼ ਪ੍ਰਾਪਤ ਹੋਇਆ ਸੀ। ਇਹ ਉਦਾਸੀ ਬਾਬਾ ਮਨਸਾ ਰਾਮ ਜਾਂ ਉਸਦਾ ਕੋਈ ਪੂਰਵਜ ਹੋਵੇ ਜਾਂ ਫਿਰ ਬਿਲਗੇ ਪਿੰਡ ਵਾਲਾ ਉਦਾਸੀ ਸਾਧ ਜਿਸ ਪਾਸ ਵਿੱਦਿਆ ਪ੍ਰਾਪਤੀ ਲਈ ਗਏ ਸਨ ਇਹ ਤਾਂ ਅਜੇ ਖੋਜ ਦਾ ਵਿਸ਼ਾ ਹੈ। ਪਰ ਇਹ ਜ਼ਰੂਰ ਸਿੱਧ ਹੁੰਦਾ ਹੈ ਕਿ ਇਸ ਡੇਰੇ ਨਾਲ ਨਾਮਧਾਰੀ ਪੰਥ ਦੀ ਸਥਾਪਨਾ ਤੋਂ ਪਹਿਲਾਂ ਹੀ ਗੁਰੂ ਪਰਿਵਾਰ ਦੇ ਬੜੇ ਸੁਖਾਵੇਂ ਸੰਬੰਧ ਚੱਲੇ ਆ ਰਹੇ ਸਨ। ਇਹਨਾਂ ਸਬੰਧਾਂ ਵਿੱਚ ਕੂਕਿਆਂ ਵਿਰੁੱਧ ਸਰਕਾਰੀ ਸਖ਼ਤੀਆਂ ਦੇ ਦੌਰ ਵਿੱਚ ਖਟਾਸ ਆਉਣੀ ਕੁਦਰਤੀ ਸੀ ਕਿਉਂ ਜੋ ਹਰ ਕੋਈ ਸਰਕਾਰ ਦੇ ਬਾਗੀਆਂ ਕੋਲੋਂ ਕੰਨੀ ਕੁੰਜ ਕੇ ਲੰਘਿਆ ਕਰਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੀ ਵੀ ਇਹ ਇੱਛਿਆ ਸੀ ਕਿ ਦੋਹਾਂ ਨਾਨਕ ਨਾਮ ਲੇਵਾ ਸੰਪ੍ਰਦਾਵਾਂ ਵਿੱਚ ਇਹ ਸੰਬੰਧ ਪ੍ਰਗਾਢ ਰੂਪ ਧਾਰਨ ਕਰਨ। ਇਸ ਲਈ ਉਹ ਆਪਣੇ ਇੱਕ ਸਿੰਘ ਨੂੰ ਇਥੋਂ ਦਾ ਮਹੰਤ ਵੇਖਣ ਦੇ ਚਾਹਵਾਨ ਸਨ, ਜੋ ਇੱਛਾ ਉਸ ਸਿੰਘ ਦੀ ਉਦਾਸੀਨ ਬਿਰਤੀ ਕਰਕੇ ਪੂਰੀ ਨਾ ਹੋਈ।

ਸੰਮਤ 1919 (1862-63 ਈ.) ਵਿਖੇ ਰਾਈਆਂ ਕਾ ਮਹੰਤ ਨਿਹਾਲ ਦਾਸ ਸੀ। ਉਸਕੇ ਚੇਲੇ ਭਗਤ ਰਾਮ ਨੇ ਭਜਨ ਲੀਤਾ। ਸਾਧੂ ਸਿੰਘ ਸੱਜਿਆ। ਕਛਹਿਰੇ ਪਾਇ ਲੀਤੇ, ਅੰਮ੍ਰਿਤ ਛਕਿਆ। ਮਹੰਤ ਨੇ ਕਹਿਆ- ਤੂੰ ਕੂਕਾ ਹੋ ਗਿਆ ਹੈਂ, ਕਲਾਮ ਸੁਣ ਲਈ ਹੈ। ਸਾਡੇ ਕੰਮ ਦਾ ਤੂੰ ਨਾ ਰਿਹਾ। ਸਾਧੂ ਸਿੰਘ ਨੇ ਪਿੰਡੋਂ ਬਾਹਰ ਡੇਰਾ ਪਾਇ ਲਿਆ ਤੇ ਮੁੰਡੇ ਪੜ੍ਹਾਉਣ ਲੱਗ ਪਿਆ। ਪਹਿਲਾ ਨਾਮ ਭਗਤ ਰਾਮ ਸੀ। ਲੱਗਾ ਭਗਤੀ ਕਰਨੇ ਜਾਂ ਨਿਹਾਲ ਦਾਸ ਨੇ ਵੇਖਿਆ ਕਿ ਚੰਗਾ ਨੇਕ ਚਲਣ ਹੈ ਕਿਉਂ ਨਾ ਏਸ ਦੇ ਨਾਉਂ ਜ਼ਮੀਨ ਕਰਵਾਇ ਦੇਵਾਂ। ਨਿਹਾਲ ਦਾਸ ਨੇ ਕਿਹਾ ਤੂੰ ਕਛਹਿਰੇ ਭੀ ਰੱਖ ਤੇ ਕੇਸ ਭੀ ਰੱਖ। ਸਾਡਾ ਡੇਰਾ ਸਾਂਭ। ਸਾਧੂ ਸਿੰਘ ਨੇ ਉਸਦਾ ਕਹਾ ਨਾ ਮੰਨਿਆ ਤਾਂ ਨਿਹਾਲ ਦਾਸ, ਸ੍ਰੀ ਸਤਿਗੁਰੂ ਜੀ ਪਾਸ ਆਇਆ। ਅਰਜ਼ ਕੀਤੀ- "ਜੀ ਸਾਧੂ ਸਿੰਘ ਦੇ ਨਾਮ ਮੈਂ ਸਾਰਾ ਡੇਰਾ ਤੇ ਜ਼ਮੀਨ ਲਵਾਇ ਦਿੰਦਾ ਹਾਂ, ਸਾਰਾ ਡੇਰਾ ਸਾਂਭੇ। ਨਿਹਾਲ ਦਾਸ ਦੀ ਇਹ ਮਨਸ਼ਾ ਹੈ ਜਿਵੇਂ ਮਹੰਤੀ ਲਵੇ ਤਿਵੇਂ ਦੇਣੀ ਹੈ। ਏਧਾ ਬਚਨ ਮੰਨ ਲੈ। ਮਹੰਤੀ ਹੱਥੀਂ ਦੇਂਦਾ ਹੈ ਤੂੰ ਲੈ ਲੈ। ਅੱਗੋਂ ਸਾਧੂ ਸਿੰਘ ਬੋਲਿਆ, "ਮੈਂ ਕਾਹਨੂੰ ਬੇ-ਸਿਦਕ ਹੋ ਕੇ ਮਰਾਂ? ਬੇ-ਸਿਦਕ ਕਰਕੇ ਮਾਰਦੇ ਹੋ? ਜਾਂ ਬਚਨ ਨਾ ਮੰਨਿਆ ਤਾਂ ਬਚਨ ਕੀਤਾ- ਜਾਂ ਪੌ ਖੂਹ ਵਿਚ ਜੇ ਨਹੀਂ ਲੈਂਦਾ ਤਾਂ। ਤੈਨੂੰ ਆਪਣੀ ਹੱਥੀਂ ਨਿਹਾਲ ਦਾਸ ਦੇਂਦਾ ਸੀ ਮਹੰਤੀ। ਅੰਤ ਕੋ ਸਾਧੂ ਸਿੰਘ ਖੂਹ ਵਿਚ ਪੈ ਕੇ ਮਰਿਆ ਸੀ।[4]

ਇਥੇ ਰਾਈਆਂ ਵਾਲੇ ਡੇਰੇ ਵਿੱਚੋਂ ਅੰਗਰੇਜ਼ ਸਰਕਾਰ ਨੇ ਗੁਰੂ ਹਰੀ ਸਿੰਘ ਜੀ ਦੇ ਵੇਲੇ ਤੋਪਾਂ ਦੇ ਕੁਝ ਗੋਲੇ ਬਰਾਮਦ ਕੀਤੇ ਸਨ। ਕੂਕਿਆਂ ਦੇ ਵਿਰੋਧੀ ਮੁਖਬਰਾਂ ਨੇ ਸਰਕਾਰ ਪਾਸ ਝੱਖ ਮਾਰੀ ਸੀ ਕਿ ਕੂਕੇ ਅਜੇ ਵੀ ਅਸਲਾ ਬਾਰੂਦ ਆਦਿ ਇਕੱਠਾ ਕਰਕੇ ਸਰਕਾਰ ਲਈ ਕੋਈ ਨਵੀਂ ਸਿਰ ਦਰਦੀ ਸ਼ੁਰੂ ਕਰਨ ਜਾ ਰਹੇ ਹਨ। ਡੇਰੇ ਰਾਈਆਂ ਦੇ ਇੱਕ ਖੂਹ ਵਿੱਚੋਂ ਤੋਪਾਂ ਦੇ ਕੁਝ ਗੋਲੇ ਬਰਾਮਦ ਹੋਏ। ਉਸ ਵੇਲੇ ਦੇ ਮਹੰਤ ਨੇ ਸੱਚ ਬੋਲਿਆ ਕਿ ਇਹ ਗੋਲੇ ਕੂਕਿਆਂ ਨੇ ਨਹੀਂ ਸੁੱਟੇ। ਇੱਕ ਵੇਰ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ, ਮਲੇਰਕੋਟਲੇ ਦੇ ਗਊ ਘਾਤੀਆਂ ਨੂੰ ਸੋਧਣ ਲਈ ਉਥੇ ਗਏ ਸਨ। ਉਥੋਂ ਮੁੜਦਿਆਂ ਉਹਨਾਂ ਨੇ ਆਪਣਾ ਡੇਰਾ ਜਾਣ ਕੇ ਗੋਲੇ ਇਥੇ ਰਖਵਾ ਦਿੱਤੇ ਸਨ ਜੋ ਬਾਅਦ ਵਿੱਚ ਖੂਹ ਵਿਚ ਸੁੱਟੇ ਗਏ। ਮਹੰਤ ਨੂੰ ਸਾਧੂ ਸਿੰਘ ਨੂੰ ਲਹਿਣਾ ਸਿੰਘ ਰਾਇ ਭੈਣੀ ਸਾਹਿਬ

ਅਤੇ ਮਹੰਤ ਗੁਰਦਿੱਤ ਸਿੰਘ ਮੋਰੋਂ ਆਦਿ ਤੇ ਪੁਲੀਸ ਨੇ ਪੂਰੀ ਸਖਤੀ ਇਹ ਕਹਾਉਣ ਲਈ ਕੀਤੀ ਕਿ ਗੋਲੇ ਭੈਣੀ ਸਾਹਿਬ ਕੂਕਿਆਂ ਦੇ ਡੇਰੇ ਤੋਂ ਆਏ ਹਨ। ਇਸੇ ਮਨਾਸਿਕ ਦਬਾਉ ਕਾਰਨ ਸਾਧੂ ਸਿੰਘ ਤਫਤੀਸ਼ ਦੌਰਾਨ ਰਾਈਆਂ ਡੇਰੇ ਦੇ ਖੂਹ ਵਿਚ ਛਾਲ ਮਾਰ ਕੇ ਮਰ ਗਿਆ ਸਤਿਗੁਰੂ ਜੀ, ਜਸਵਿੰਦਰ ਸਿੰਘ ਹੋਰਾਂ ਦੀ 'ਕੂਕਾ ਮੂਵਮੈਂਟ' ਵਿਚ ਅੰਗਰੇਜ਼ੀ ਵਿੱਚ ਅਨੁਵਾਦਿਤ, ਇੱਕ ਹੁਕਮਨਾਮੇ ਵਿੱਚ ਪੁੱਛਦੇ ਹਨ ਕਿ ਸਾਧੂ ਸਿੰਘ ਆਪ ਖੂਹ ਵਿੱਚ ਕੁੱਦਿਆ ਜਾਂ ਸਾਧਾਂ ਨੇ ਉਸ ਦੇ ਮਰਨ ਬਾਅਦ ਖੂਹ ਵਿੱਚ ਸੁੱਟ ਦਿੱਤਾ ਸੀ। ਇਹ ਘਟਨਾ 1878 ਈ. ਦੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਘਟਨਾ ਨੂੰ ਬੜੀ ਗੰਭੀਰਤਾ ਨਾਲ ਲਿਆ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਤਾ ਕਾਲ ਦੇ ਮੁੱਢਲੇ ਸਾਲਾਂ ਵਿਚ 'ਰਾਈਆਂ ਦਾ ਮੁਕਦਮਾ' ਕਾਫੀ ਚਰਚਿਤ ਰਿਹਾ ਸੀ। ਸਤਿਗੁਰੂ ਜੀ ਤਾਂ ਆਪਣਾ ਸਮਾਂ, ਭਜਨ ਬੰਦਗੀ ਅਤੇ ਸਿੱਖੀ ਪ੍ਰਚਾਰ ਦੌਰਿਆਂ ਵਿੱਚ ਹੀ ਬਿਤਾਉਂਦੇ ਸਨ। ਮਾਤਾ ਜੀਵਨ ਕੌਰ ਜੀ ਤੱਕ ਰਾਈਆਂ ਦੇ ਸਾਧਾਂ ਦੇ ਇਕ ਧੜੇ ਨੇ ਬੀਰਮ ਦਾਸ ਦੇ ਹੱਕ ਵਿਚ ਹੋਣ ਦੀ ਗੱਲ ਕਰਕੇ ਇਸ ਡੇਰੇ ਤੇ ਮਹੰਤ ਬੀਰਮ ਦਾਸ ਦਾ ਕਬਜ਼ਾ ਕਰਵਾ ਦਿੱਤਾ ਸੀ। ਫਿਰ ਕੋਈ ਚੌਦਾਂ ਸਾਲ ਇਹ ਮੁਕਦਮਾ ਚੱਲਦਾ ਰਿਹਾ। ਤਹਿਸੀਲ ਤੋਂ ਲੈ ਕੇ ਪੰਜਾਬ ਹਾਈ ਕੋਰਟ ਲਾਹੌਰ ਤੱਕ ਕੇਸ ਲੜਿਆ ਗਿਆ ਸੀ, ਬੀਰ ਸਿੰਘ ਹੋਰਾਂ ਨੂੰ ਬੀਰਮ ਦਾਸ ਮਹੰਤ ਦੇ ਤੌਰ ਤੇ ਅੱਗੇ ਲਾ ਕੇ। ਉਦਾਸੀ ਸਾਧੂਆਂ ਦੇ ਇਹ ਡੇਰੇ ਦਾਰ ਪਹਿਲਾਂ ਸ਼ਾਦੀ ਸ਼ੁਦਾ ਨਹੀਂ ਹੁੰਦੇ ਸਨ ਅਤੇ ਇਹ ਬੀਰਮ ਦਾਸ ਵੀ ਬਿਹੰਗਮ ਸਾਧੂ ਹੀ ਸਨ।

“ਭੈਣੀ ਸਾਹਿਬੋਂ ਕਈ ਪੈਲੀਆਂ ਲਹਿੰਦੇ ਰਾਈਆਂ, ਜਿੱਥੇ ਬਾਬੇ ਜੱਸੇ ਦਾ ਮੁੱਢਲਾ ਘਰ ਸੀ ਉਥੇ ਉਦਾਸੀਆਂ ਦੇ ਡੇਰੇ ਨਾਂ ਜ਼ਮੀਨ ਹਜ਼ਾਰ ਵਿਘੇ (ਕੱਚੇ) ਤੋਂ ਭੀ ਬਹੁਤੀ ਸੀ। ਧਰਮ ਦਾਸ ਡੇਰੇਦਾਰ ਦੇ ਕਈ ਚੇਲੇ ਉਸ ਡੇਰੇ ਤੇ ਜ਼ਮੀਨ ਸੰਭਾਲ ਸੇਵਾ ਕਰਦੇ ਸਨ। ਉਹ ਧਰਮ ਦਾਸ ਮਾਤਾ ਜਿਊਣ ਕੌਰ ਜੀ ਦਾ ਭੀ ਸ਼ਰਧਾਲੂ ਤੇ ਜਾਣੂ ਸੀ। ਇੱਕ ਰਾਮਪੁਰ ਦਾ ਜੋ ਭੈਣੀ ਸਾਹਿਬ ਦੇ ਨੇੜੇ ਹੈ, ਬੀਰਮ ਦਾਸ ਭੀ ਧਰਮ ਦਾਸ ਦਾ ਚੇਲਾ ਸੀ ਜੋ ਫਿਰ ਸਿੱਖ ਸੱਜ ਵਰਿਆਮ (ਨਹੀਂ ਵੀਰ ਜਾਂ ਬੀਰ) ਸਿੰਘ ਬਣ ਗਿਆ, ਉਸ ਤੇ ਭੀ ਧਰਮ ਦਾਸ ਦੇ ਹੋਰ ਚੇਲਿਆਂ ਮੋਤੀ ਦਾਸ, ਅਰਜਨ ਦਾਸ ਤੇ ਗੁਪਾਲ ਦਾਸ ਤੇ ਹਿਰਦਿਉਂ ਰਾਜੀ ਸੀ। ਕਿਉਂਕਿ ਦੂਜੇ ਸ਼ਰਾਬੀ, ਕਬਾਬੀ ਤੇ ਵੈਲੀ ਹੋ ਗਏ ਸਨ। ਧਰਮ ਦਾਸ ਮਾਤਾ ਜੀ ਨੂੰ ਕਹਿੰਦਾ ਬੀਰ ਸਿੰਘ ਹੀ ਵੀਰਮ ਦਾਸ ਬਣਾ ਡੇਰੇ ਤੇ ਤੁਸੀਂ ਕਾਬਜ਼ ਹੋਵੋ। ਮਾਤਾ ਜੀ ਮਹਾਰਾਜ ਨਿਹਾਲ ਸਿੰਘ ਜੀ ਨਾਲ ਸਲਾਹ ਕੀਤੀ ਤੇ ਕੁਝ ਮੁਖਤਾਰਾਂ ਭੀ ਇਹੋਂ ਸਲਾਹ ਦਿੱਤੀ। ਸਿੱਖ ਮਾਤਾ ਜੀ ਰਾਈਆਂ ਦੇ ਡੇਰੇ ਫੇਰਾ ਮਾਰਨ ਤੇ ਖੇਤ ਫਸਲ ਸੰਭਾਲਣ ਤੇ ਲਾਏ। ਦੂਜੇ ਚੇਲਿਆਂ ਸੁੱਖੂ (ਕਿਲਾਗ) ਘੁਮੰਡੇ (ਕਿਮਰਾਂ) ਦੇ ਨਾਲ ਗੰਢ ਮੁਕਦਮਾ ਆਰੰਭਿਆ। ਮਾਤਾ ਜੀ, ਦੁਸੰਧੀ ਭੈਣੀ ਸਾਹਿਬ ਦਾ ਹੀ ਮੁਖਤਿਆਰ ਮੁਕਦਮੇ ਦਾ ਬਣਾਇਆ। ਉਹ ਮਨ ਮਰਜ਼ੀ ਦੀ ਰਕਮ ਮੰਗ ਜੰਗ ਢੰਗ ਨਾਮ ਨਿਜੀ ਸ਼ਰੀਕੇ ਦੀ ਲੜਦਾ ਸੀ। ਸਤਿਗੁਰੂ ਜੀ ਇਸ ਦੁਬਿਧਾ ਵਿਚ ਪੈਣ ਤੋਂ ਰੋਕ ਰਹੇ ਸਨ, ਪਰ ਆਪ ਰਹਿੰਦੇ ਆਮ ਬੀੜ ਵਿਚ ਤੇ ਸਾਧ ਸੰਗਤ ਦੇ ਵਾਸ ਵਿਚ ਬਹੁਤਾ ਸੀ, ਕਦੀ ਖਾਸ ਲੋੜ ਮੇਲੇ ਨੂੰ ਕੁਝ ਦਿਨ ਭੈਣੀ ਸਾਹਿਬ ਟਿਕਦੇ ਸੀ।[5]

ਮਹੰਤ ਲਾਲ ਦਾਸ ਦੇ ਚਲਾਣੇ ਤੋਂ ਬਾਅਦ ਹਰੀ ਦਾਸ, ਬੀਰਮ ਦਾਸ ਅਤੇ ਲਾਲ ਦਾਸ ਦੇ ਵਿਚਾਲੇ ਡੇਰੇ ਦੀ ਮਾਲਕੀ ਨੂੰ ਲੈ ਕੇ ਮੁਕਦਮੇ ਬਾਜੀ ਸ਼ੁਰੂ ਹੋ ਗਈ। 10 ਸਤੰਬਰ 1916 ਨੂੰ ਹਰੀਦਾਸ ਦੇ ਨਾਂ ਤੇ ਡੇਰੇ ਦਾ ਇੰਤਕਾਲ ਹੋ ਗਿਆ। 27 ਜੁਲਾਈ 1917 ਨੂੰ ਅਪੀਲ ਵਿਚ ਵੀ ਇਹੋ ਹੁਕਮ ਲਾਗੂ ਰਿਹਾ। 15 ਜਨਵਰੀ 1919 ਨੂੰ ਤੀਜੇ ਦਾਅਵੇਦਾਰ ਲਾਲ ਦਾਸ ਨੇ ਇਕ ਦੀਵਾਨੀ ਦਾਅਵਾ ਦਾਇਰ ਕੀਤਾ, ਜਿਹੜਾ 24 ਅਪ੍ਰੈਲ 1921 ਨੂੰ ਖਾਰਜ ਹੋ ਗਿਆ।

ਆਪਣੇ 6-6-1928 ਨੂੰ ਪਾਸ ਕੀਤੇ ਹੁਕਮ ਵਿਚ ਐਫ.ਏ. ਕੋਨੋਰ, ਕੁਲੈਕਟਰ ਲੁਧਿਆਣਾ ਲਿਖਦਾ ਹੈ ਕਿ ਭੈਣੀ ਆਲਾ ਦੇ ਕੂਕਿਆਂ ਤੋਂ ਇਮਦਾਦ ਪ੍ਰਾਪਤ ਬੀਰਮ ਦਾਸ, ਕੋਈ ਦੀਵਾਨੀ ਦਾਅਵਾ ਨਹੀਂ ਕਰ ਰਿਹਾ ਪਰ ਉਹ ਧੱਕੇ ਨਾਲ ਕੀਤਾ ਆਪਣਾ ਕਬਜ੍ਹਾ ਬਹਾਲ ਰੱਖ ਰਿਹਾ ਹੈ। ਇਸ ਦੌਰਾਨ ਕਈ ਦੀਵਾਨੀ ਤੇ ਫੌਜਦਾਰੀ ਮੁਕਦਮੇ ਬਣੇ। ਦੋਹਾਂ ਧਿਰਾਂ ਨੂੰ ਸੱਟਾਂ ਫੇਟਾਂ ਵੀ ਲੱਗੀਆਂ। ਕਬਜ਼ਾ ਬਹਾਲ ਰੱਖਣ ਵਿਚ ਬੀਰਮ ਦਾਸ ਸਫਲ ਰਿਹਾ। 16 ਮਾਰਚ 1918 ਨੂੰ ਕਾਸ਼ਤਕਾਰੀ ਕਬਜ਼ੇ ਦਾ ਫੈਸਲਾ ਹਰੀ ਦਾਸ ਦੇ ਹੱਕ ਵਿਚ ਹੋ ਗਿਆ ਪਰ ਉਹ ਛੇਤੀ ਹੀ ਚੱਲ ਵੱਸਿਆ ਅਤੇ ਉਸਦੇ ਪਿਛੇ ਮੋਤੀ ਰਾਮ, ਗੋਪਾਲ ਦਾਸ ਰਮਕਣ ਦਾਸ, ਰੱਲਾ ਦਾਸ, ਲਾਲ ਦਾਸ ਅਤੇ ਬੱਗੂ ਦਾਸ ਛੇ ਚੇਲੇ ਸਨ। ਹਰੀ ਦਾਸ ਦੀ ਮੌਤ ਬਾਅਦ ਵੀ ਬੀਰਮ ਦਾਸ ਨੇ ਇਸ ਇੰਤਕਾਲ ਨੂੰ ਚੈਲੰਜ ਕੀਤਾ ਪਰ ਉਹ ਸਫਲ ਨਾ ਹੋਇਆ ਅਤੇ ਇਹ ਇੰਤਕਾਲ ਹਰੀ ਦਾਸ ਦੇ ਪਲੇਠੇ ਚੇਲੇ ਮੋਤੀ ਰਾਮ ਦੇ ਨਾਮ ਦਰਜ ਹੋ ਗਿਆ।

ਉਪਰੋਕਤ ਇੰਤਕਾਲ ਦਰਜ ਹੋਣ ਬਾਅਦ ਕਰਨਲ

ਕੋਲਡਸਟਰੀਮ, ਕੁਲੈਕਟਰ ਲੁਧਿਆਣਾ ਨੇ ਬੀਰਮ ਦਾਸ ਅਤੇ ਉਸਦੀ ਧਿਰ ਦੀ ਬੇਦਖਲੀ ਦੇ ਆਰਡਰ ਪਾਸ ਕੀਤੇ। 12 ਅਕਤੂਬਰ 1918 ਨੂੰ ਸਹਾਇਕ ਮਾਲ ਅਫ਼ਸਰ, ਮੋਤੀ ਰਾਮ ਨੂੰ ਕਬਜਾ ਦੁਆ ਆਇਆ। ਹੁਣ ਬੀਰਮ ਦਾਸ ਨੇ ਸੀਨੀਅਰ ਸਬ ਜੱਜ ਲੁਧਿਆਣਾ ਪਾਸ ਦੀਵਾਨੀ ਦਾਅਵਾ ਆਪਣੇ ਹੱਕ ਲਈ ਦਾਇਰ ਕੀਤਾ ਜੋ 6 ਫਰਵਰੀ 1924 ਨੂੰ ਖਾਰਜ ਹੋ ਗਿਆ। ਇਸ ਤੋਂ ਪਹਿਲਾਂ ਇਕ ਦਿਨ ਮੋਤੀ ਰਾਮ ਡੇਰੇ ਦੇ ਬੂਹੇ ਅੱਗੇ ਭੈਣੀ ਸਾਹਿਬ ਆਕੇ, ਸ਼ਰਾਬ ਪੀਕੇ ਅਬਾ ਤਬਾ ਬੋਲਦਾ ਰਿਹਾ। ਗੁਰਮੁਖ ਸਿੰਘ ਝੱਬਰ ਉਦੋਂ ਸਤਿਗੁਰੂ ਜੀ ਦੇ ਪਾਸ ਨਹਿਰ ਵਾਲੇ ਡੇਰੇ ਤੇ ਰਹਿ ਰਿਹਾ ਸੀ। ਭੈਣੀ ਸਾਹਿਬ ਆਇਆਂ ਤੋਂ ਜਦੋਂ ਉਸ ਸਾਧ ਦੀ ਕਰਤੂਤ ਬਾਰੇ ਸੁਣਿਆਂ ਤਾਂ ਰੁੱਕਾ ਦੇ ਕੇ ਇੱਕ ਸੱਜਣ ਨੂੰ ਸਾਧ ਪਾਸ ਭੇਜਿਆ ਕਿ ਹੁਣ ਇਕ ਵੇਰ ਸਾਡੇ ਡੇਰੇ ਦੇ ਅੱਗਿਉਂ ਲੰਘ ਕੇ ਵਿਖਾ ਜੇ ਤੈਨੂੰ ਸੁੱਕਾ ਜਾਣ ਦਿੱਤਾ ਤਾਂ ਸਮਝ ਲਈ ਕਿ ਸਾਨੂੰ ਮਾਂ ਨਹੀਂ ਕੋਈ ਕੁੱਤੀ ਚੁੱਕੀ ਫਿਰਦੀ ਸੀ। ਸਾਧ ਨੇ ਕੀ ਆਉਣਾ ਸੀ, ਹੁਣ ਦੇਵ ਨੇਤ ਹੋਰ ਘਟਨਾ ਵਾਪਰ ਗਈ। ਬੇਗੋਵਾਲ (ਲੁਧਿਆਣਾ) ਮੇਲੇ ਵਿੱਚ ਇਹੋ ਸਾਧ ਸ਼ਰਾਬੀ ਹੋ ਕੇ ਆਂਹਦਾ ਫਿਰੇ- "ਮੈਂ ਬੇਗੋਵਾਲ ਦਾ ਜੁਆਈ!" ਬੇਗੋਵਾਲ ਦੇ ਇਕ ਗੱਭਰੂ ਨੇ ਗੰਡਾਸੀ ਮਾਰਕੇ ਸਿਰ ਲਾਹ ਦਿੱਤਾ।

ਬੀਰਮ ਦਾਸ ਨੇ ਹੁਣ ਫਿਰ ਆਪਣਾ ਹੱਕ ਜਤਾਇਆ ਪਰ ਸਫਲ ਨਾ ਹੋਇਆ, ਹੁਣ ਮਾਲਕੀ ਦਾ ਇੰਤਕਾਲ ਗੋਪਾਲ ਦਾਸ, ਰਮਕਣ ਦਾਸ, ਰੱਲਾ ਦਾਸ, ਲਾਲ ਦਾਸ ਅਤੇ ਬੱਗੂ ਦਾਸ ਪੰਜਾਂ ਚੇਲਿਆਂ ਦੇ ਨਾਮ ਦਰਜ ਹੋ ਗਿਆ। ਲਾਲ ਦਾਸ ਅਤੇ ਰਮਕਣ ਦਾਸ ਦੋਹਾਂ ਚੇਲਿਆਂ ਨੇ ਆਪਣਾ ਹੱਕ ਬੀਰਮਦਾਸ ਨੂੰ ਦੇ ਦਿੱਤਾ। ਗੋਪਾਲ ਦਾਸ, ਰੱਲਾ ਦਾਸ ਅਤੇ ਬੱਗੂ ਦਾਸ ਤਿੰਨੇ ਬਰਾਬਰ 3/5 ਭਾਗ ਦੇ ਮਾਲਕ ਬਣੇ ਅਤੇ ਬੀਰਮ ਦਾਸ 2/5 ਭਾਗ ਦਾ। ਇਹ ਇੰਤਕਾਲ ਨੰ. 360 ਅਤੇ 361, 24 ਅਗਸਤ 1925 ਨੂੰ ਮਨਜ਼ੂਰ ਹੋਇਆ।

ਬੀਰਮ ਦਾਸ ਵਾਲੇ ਦੀਵਾਨੀ ਦਾਅਵੇ ਤੇ ਸਬ ਜੱਜ ਲੁਧਿਆਣੇ ਲਾਲ ਦਾਸ ਅਤੇ ਰਮਕਣ ਦਾਸ ਦੇ ਵੱਲੋਂ ਆਪਣਾ ਹੱਕ ਬੀਰਮ ਦਾਸ ਨੂੰ ਦੇਣਾ ਪਰਵਾਨ ਨਾ ਕੀਤਾ। ਜਦੋਂ ਬੀਰਮ ਦਾਸ ਦਾ ਹਿੱਸਾ ਫਰਦ ਵਿਚੋਂ ਕੱਢਿਆ ਜਾ ਰਿਹਾ ਸੀ ਤਾਂ ਉਸ ਸਟੇਅ ਲਈ ਅਰਜ਼ੀ ਦਿੱਤੀ ਕਿ ਮੈਂ ਇਸ ਨਾਇਬ ਤਹਿਸੀਲਦਾਰ ਨੇ ਬੀਰਮ ਦਾਸ ਦਾ ਇੰਤਕਾਲ ਉਸੇ ਹਾਲਤ ਵਿਚ ਰੱਖ ਲਿਆ। ਹਾਈਕੋਰਟ ਵਿੱਚ ਬੀਰਮ ਦਾਸ ਦੀ ਅਪੀਲ 7-3-1924 ਨੂੰ ਦਾਇਰ ਹੋਈ। ਜਿਹੜੇ ਵਕੀਲਾਂ ਦੀ ਪਾਰਟੀ ਉਸ ਵਲੋਂ ਲੜ ਰਹੀ ਸੀ, ਉਸ ਵਿਚ ਗੋਕਲ ਚੰਦ ਨਾਰੰਗ, ਬੱਦਰੀ ਦਾਸ, ਮਿਹਰ ਚੰਦ ਮਹਾਜਨ, ਅਬਦੁੱਲ ਹਈ, ਜੇ.ਐਲ. ਕਪੂਰ, ਕਰਿਸ਼ਨ ਦੇਵ, ਡੀ. ਆਰ. ਮਹਾਜਨ ਅਤੇ ਸਾਈ ਦਾਸ ਭਗਤ ਸ਼ਾਮਲ ਸਨ। ਧਰਮ ਦਾਸ, ਹਰਨਾਮ ਦਾਸ ਅਤੇ ਹੀਰਾ ਦਾਸ, ਟਹਿਲ ਦਾਸ ਦੇ ਚੇਲੇ ਸਨ। ਜਸਟਿਸ ਆਗਾ ਹੈਦਰ ਅਤੇ ਸ਼ਾਦੀ ਲਾਲ ਨੇ 24 ਜੁਲਾਈ 1929 ਨੂੰ ਆਪਣਾ ਫੈਸਲਾ ਗੋਪਾਲ ਦਾਸ ਦੇ ਹੱਕ ਵਿੱਚ ਕਰ ਦਿੱਤਾ। ਬੀਰਮ ਦਾਸ ਵਾਲੀ ਧਿਰ ਹੁਣ ਪ੍ਰੀਵੀ ਕੌਂਸਲ, ਇੰਗਲੈਂਡ ਵਿਚ ਅਧੀਨ ਦੀ ਤਿਆਰੀ ਕਰਨ ਲੱਗ ਪਈ।

ਮਾਤਾ ਜੀ ਨੇ ਬੀਰਮ ਦਾਸ ਵੱਲੋਂ ਪੇਸ਼ ਹੋਣ ਲਈ ਭੈਣੀ ਸਾਹਿਬ ਪਿੰਡ ਦਾ ਇੱਕ ਜ਼ਿੰਮੀਦਾਰ ਦਸੌਂਧੀ ਜੋ ਹਕੀਮ ਵੀ ਸੀ, ਉਸ ਨੂੰ ਅੱਗੇ ਲਾਇਆ। ਉਹ ਮੂੰਹ ਮੰਗੀ ਰਕਮ ਮਾਤਾ ਜੀ ਤੋਂ ਲੈ ਜਾਂਦਾ ਅਤੇ ਹੌਲੀ-ਹੌਲੀ ਉਸ ਤੇ ਵਿਰੋਧੀਆਂ ਨਾਲ ਰਲੇ ਹੋਣ ਦਾ ਸ਼ੱਕ ਵੀ ਪੱਕਾ ਹੋ ਗਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਮੁਕਦਮੇ ਬਾਜ਼ੀ ਤੇ ਲੱਗਣ ਵਾਲੇ ਖਰਚ ਨੂੰ ਗੁਰੂ ਕੇ ਲੰਗਰ ਤੇ ਵਾਧੂ ਭਾਰ ਅਤੇ ਸਾਧ ਸੰਗਤ ਦਾ ਭਜਨ ਬਾਣੀ ਦਾ ਸਮਾਂ ਲੜਾਈ ਝਗੜੇ ਤੇ ਲੱਗਣ ਕਾਰਨ, ਠੀਕ ਨਹੀਂ ਸਨ ਸਮਝਦੇ। ਪਰ ਉਹ ਮਾਤਾ ਜੀ ਤੋਂ ਅਜੇ ਬੇਵਾਹਰੇ ਹੋ ਕੇ ਚੱਲਣਾਂ ਵੀ ਨਹੀਂ ਸਨ ਚਾਹੁੰਦੇ। ਸੋ ਹੁਣ ਉਹ ਜਿਆਦਾ ਸਮਾਂ ਕਦੇ ਰੋਪੜ ਵਾਲੀ ਨਹਿਰ ਤੇ ਕਦੇ ਬੀੜ ਵਿੱਚ ਅਤੇ ਕਦੇ ਗੁੜਦੀਵਾਲੇ ਬਿਤਾਉਂਦੇ। ਕਦੇ ਦੌਰਿਆਂ ਤੇ ਰਹਿੰਦੇ। ਭੈਣੀ ਸਾਹਿਬ ਬਹੁਤ ਘੱਟ ਆਉਂਦੇ।

ਡੇਰਾ ਰਾਈਆਂ ਦੀ ਜ਼ਮੀਨ ਵਿੱਚ ਪਸ਼ੂ ਚਾਰਨ ਅਤੇ ਰੋਕਣ ਤੋਂ ਨਾਮਧਾਰੀ ਸਿੰਘਾਂ ਅਤੇ ਸਾਧ ਦੇ ਦੂਸਰੇ ਚੇਲਿਆਂ ਵਿਚਾਲੇ ਡਾਂਗ ਸੋਟਾ ਵੀ ਖੜਕਦਾ ਰਹਿੰਦਾ ਸੀ।

ਮੋਤੀ ਦਾਸ ਦੇ ਮਰਨ ਬਾਅਦ ਗੋਪਾਲ ਦਾਸ ਪਿੰਡਾ ਵਾਲਿਆਂ ਦੀ ਮੱਦਦ ਨਾਲ ਮੁਕੱਦਮਾ ਲੜਦਾ ਰਿਹਾ। ਦਸੌਧੀ ਮੁਖਤਿਆਰ ਦੇ ਦੋਗਲੇ ਸੁਭਾਅ ਅਤੇ ਮਾੜਾ ਬੋਲਣ ਤੋਂ ਅੱਕ ਕੇ ਗੁਰਮੁੱਖ ਸਿੰਘ ਝੱਬਰ ਨੇ ਇੱਕ ਦਿਨ ਉਸ ਨੂੰ ਸੋਧਾ ਲਾ ਦਿੱਤਾ ਅਤੇ ਮਾਸਟਰ ਬਲਵੰਤ ਸਿੰਘ ਤੋਂ ਇਸ ਬਾਰੇ ਸਤਿਗੁਰੂ ਜੀ ਨੂੰ ਤਾਰ ਦੇ ਦਿੱਤੀ। ਉਹ ਦੌਰਾ ਛੱਡ ਕੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤੇ ਨੂੰ ਨਾਲ ਲੈ ਕੇ ਆ ਗਏ। ਲੁਧਿਆਣੇ ਜਾ ਕੇ ਆਪ ਜੀ ਨੇ ਦਸੌਂਧੀ ਦਾ ਮੁਖਤਾਰ ਨਾਮਾ ਤੁੜਣਾ ਦਿੱਤਾ ਅਤੇ

ਸੰਤ ਮੰਗਲ ਸਿੰਘ ਜੀ ਦੇ ਨਾਮ ਤੇ ਨਵਾਂ ਮੁਖਤਿਆਰ ਨਾਮਾ ਬਣਵਾ ਦਿੱਤਾ।

ਪਹਿਲਾਂ ਮੁਕਦਮਾ ਲੁਧਿਆਣੇ ਚੱਲਦਾ ਸੀ ਇਥੋਂ ਇਹ ਹਾਈ ਕੋਰਟ ਲਾਹੌਰ ਵਿਚ ਚਲਾ ਗਿਆ ਸੀ। ਲਾਹੌਰ ਹਾਈਕੋਰਟ ਵਿਚੋਂ ਵੀ ਹੇਠਲੀ ਅਦਾਲਤ ਜਿਉਂ ਫੈਸਲਾ ਰਾਈਆਂ ਵਾਲੇ ਸਾਧਾਂ ਦੇ ਹੱਕ ਵਿਚ ਹੋ ਗਿਆ। ਪਰ ਕਬਜ਼ਾ ਜ਼ਮੀਨ ਦਾ ਉਹ ਲੈਣ ਆਉਂਦੇ ਤਾਂ ਸਿੰਘ ਅੱਗੋਂ ਮਾਰ ਭਜਾਉਂਦੇ ਸਨ। ਇਸ ਤਰ੍ਹਾਂ ਧੂਹ ਘੜੀਸ ਵਾਹਵਾ ਸਮਾਂ ਹੁੰਦੀ ਰਹੀ। ਹੁਣ ਡਾਂਗ ਬਹਾਦਰਾਂ ਦੀ ਅਗੁਆਈ ਗੁਰਮੁਖ ਸਿੰਘ ਝੱਬਰ ਕਰਦੇ ਸਨ। ਉਹਨਾਂ ਪਾਸ ਮੰਜਾਲੀਆਂ, ਚੱਕ ਸਰਬਣ ਨਾਥ, ਹੀਰਾਂ, ਰਾਈਆਂ ਅਤੇ ਭੈਣੀ ਸਾਹਿਬ ਇਹ ਪੰਜ ਪਿੰਡਾਂ ਦੀਆਂ ਪੰਚਾਇਤਾਂ ਆਈਆਂ ਜੋ ਸਾਰੇ ਰਾਇ ਗੋਤੀ ਜੱਟਾਂ ਦੇ ਪਿੰਡ ਸਨ। ਇਹਨਾਂ ਨੇ ਆ ਕੇ ਕਿਹਾ ਕਿ ਆਪਾਂ ਹੁਣ ਅੱਗੇ ਨਾਂ ਤੁਰੀਏ ਭਾਵ ਪ੍ਰੀਵੀ ਕੌਂਸਲ ਵਿੱਚ ਅਪੀਲ ਨਾਂ ਕਰਿਉ ਤੇ ਬਹਿਕੇ ਨਿੱਬੜ ਜਾਂਦੇ ਹਾਂ। ਝੱਬਰ ਹੋਰਾਂ ਨੇ ਸਤਿਗੁਰੂ ਜੀ ਨੂੰ ਅਰਜ਼ ਕਰ ਦਿੱਤੀ। ਉਹਨਾਂ ਕਿਹਾ ਕਿ ਤੈਨੂੰ ਜਿਵੇਂ ਚੰਗਾ ਲੱਗਦਾ ਹੈ ਕਰ ਲਵੋ। ਹੁਣ ਉਹਨਾਂ ਪੰਜਾਂ ਪੰਚਾਇਤਾਂ ਨੂੰ ਆਪ ਨੇ ਕਿਹਾ ਕਿ ਇੱਕ ਵੇਰ ਮਹੰਤ ਗੋਪਾਲ ਦਾਸ ਡੇਰੇ ਦੀਆਂ ਕੁੰਜੀਆਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਰੱਖ ਦੇਵੇ ਫਿਰ ਜੋ ਰਜ਼ਾ ਹੋਈ ਕਰ ਲਵਾਂਗੇ।

ਨਿਸ਼ਚਿਤ ਦਿਨ ਤੇ ਪੰਜਾਂ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਮਹੰਤ ਗੋਪਾਲ ਦਾਸ ਨੇ ਸਤਿਗੁਰੂ ਜੀ ਨੂੰ ਰਾਈਆਂ ਡੇਰੇ ਦੀਆਂ ਕੁੰਜੀਆਂ ਮੱਥਾ ਟੇਕ ਦਿੱਤੀਆਂ ਕਿ ਭਾਂਵੇ ਮੈਨੂੰ ਦੇ ਦਿਉਂ ਭਾਵੇਂ ਬੀਰਮ ਦਾਸ ਨੂੰ, ਸਤਿਗੁਰੂ ਜੀ ਨੇ ਇੱਕ ਪਲ ਪੰਚਾਇਤੀਆਂ ਵੱਲ ਕ੍ਰਿਪਾ ਦ੍ਰਿਸ਼ਟੀ ਕਰਦਿਆਂ ਕਿਹਾ ਕਿ ਤੁਸੀਂ ਗੱਲ ਮੁਕਾਉਣ ਆਏ ਹੋ ਤੁਹਾਡਾ ਬਹੁਤ ਧੰਨਵਾਦ। ਫਿਰ ਕੁੰਜੀਆਂ ਮਹੰਤ ਜੀ ਨੂੰ ਪਕੜਾਉਂਦਿਆਂ ਕਿਹਾ ਕਿ ਉਹ ਡੇਰਾ ਵੀ ਤੁਹਾਡਾ ਹੈ ਤੇ ਇਹ ਡੇਰਾ ਵੀ ਤੁਹਾਡੇ ਪੁਰਾਣੇ ਡੇਰੇਦਾਰ ਬਾਬਾ ਮਨਸਾ ਰਾਮ ਹੋਰਾਂ ਨਾਲ ਪ੍ਰੇਮ ਸੂਤਰ ਵਿੱਚ ਬੱਝੇ ਬਾਬਾ ਜੱਸਾ ਸਿੰਘ ਹੋਰਾਂ ਦੇ ਵਾਰਿਸ਼ਾਂ ਦਾ ਹੈ। ਲੰਗਰ ਗੁਰੂ ਕਾ ਚੱਲਦਾ ਹੈ, ਜਦੋਂ ਮਰਜ਼ੀ ਆਉ। ਸਭ ਨੂੰ ਪ੍ਰਸ਼ਾਦ ਪਾਣੀ ਛਕਾ ਕੇ ਇਕ ਗੱਡਾ, ਬੈਲਾ ਦੀ ਜੋੜੀ, ਅਨਾਜ, ਦਾਲਾਂ, ਘਿਉ, ਗੁੜ ਦੀਆਂ ਬੋਰੀਆਂ ਆਦਿ ਲੱਦ ਕੇ, ਇਕ ਮੱਝ, ਇਕ ਗਊ ਤੇ ਇੱਕ ਵਧੀਆ ਘੋੜੀ ਤੇ ਬੈਠਾ ਕੇ ਮਹੰਤ ਜੀ ਨੂੰ ਵਿਦਾ ਕੀਤਾ। ਇਸ ਤਰ੍ਹਾਂ ਇਹ ਮੁਆਮਲਾ 1928-29 ਵਿਚ ਸਮਾਪਤ ਹੋ ਗਿਆ। ਇਸੇ ਸਮੇਂ ਮਹਾਰਾਜ ਨਿਹਾਲ ਸਿੰਘ ਜੀ ਦੀ ਥਾਂ ਤੇ ਨਵਾਂ ਡੇਰਾ ਪ੍ਰਬੰਧਕ, ਜਥੇਦਾਰ ਗੁਰਮੁਖ ਸਿੰਘ ਝੱਬਰ ਨੂੰ ਥਾਪ ਦਿੱਤਾ ਗਿਆ।

ਬਾਬਾ ਬੀਰ ਸਿੰਘ ਜਾਂ ਬੀਰਮ ਦਾਸ ਗੁਰੂ ਕਾ ਕੱਟੜ ਸਿਦਕੀ ਸਿੱਖ ਸੀ। ਡੇਰਾ ਭੈਣੀ ਸਾਹਿਬ ਵਿਚ ਉਹ 40 ਗਊਆਂ ਇਕੱਲਾ ਹੀ ਸਾਂਭਦਾ ਸੀ। ਇਹ ਲੰਮੀ ਮੁਕਦਮੇ ਬਾਜੀ ਵਿਚ ਰੋਜ਼ ਅਦਾਲਤਾਂ ਵਿਚ ਤੁਰੇ ਰਹਿਣ ਤੋਂ ਉਹ ਕਦੇ ਝੰਵਿਆ ਨਹੀਂ ਸੀ। ਆਪਣੀ ਅੱਧ ਖੜ ਉਮਰ ਵਿਚ ਸ਼ੁਰੂ ਕਰਕੇ ਤਕਰੀਬਨ 60 ਸਾਲ ਦੀ ਉਮਰ ਤੱਕ ਉਹ ਇਸ ਮੁਕਦਮੇ ਦੇ ਮੋਰਚੇ ਤੇ ਡਟਿਆ ਰਿਹਾ ਅਤੇ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਲਾਕੇ ਦੀਆਂ ਪੰਚਾਇਤਾਂ ਦਾ ਮਾਣ ਰੱਖ ਕੇ, ਪ੍ਰੀਵੀ ਕੌਂਸਲ ਵਿਚ ਨਾਂ ਜਾਣ ਦਾ ਫੈਸਲਾ ਕਰਕੇ ਰਾਈਆਂ ਡੇਰਾ ਗੋਪਾਲ ਦਾਸ ਨੂੰ ਹੀ ਸਉਂਪ ਦਿੱਤਾ ਤਾਂ ਉਦੋਂ ਵੀ ਬੀਰਮ ਦਾਸ ਨੇ ਕੋਈ ਪਰੇਸ਼ਾਨੀ ਨਹੀਂ ਮੰਨੀ। ਉਹਨਾਂ ਦਾ ਅੰਤ ਸਮਾਂ ਗੁਰਦੁਆਰਾ ਭੈਣੀ ਸਾਹਿਬ ਵਿਚ 1940 ਈ. ਵਿਚ ਆਇਆ ਜਦੋਂ ਉਹ 70 ਕੁ ਸਾਲ ਦੀ ਉਮਰ ਭੋਗ ਚੁੱਕੇ ਸਨ। ਜਦੋਂ ਅਸੀਂ ਰਾਈਆਂ ਵਾਲੇ ਮੁਕਦਮੇ ਦੀ ਗੱਲ ਕਰਾਂਗੇ ਤੇ ਬਾਬਾ ਬੀਰ ਸਿੰਘ ਸਾਡੇ ਨਾਇਕ ਬਣ ਕੇ ਉਭਰਦੇ ਨਜ਼ਰ ਆਉਣਗੇ।

## ਹਵਾਲੇ ਤੇ ਟਿੱਪਣੀਆਂ


1. ਸੰਤ ਸਿੰਘ (ਸੰਪਾਦਕ) ਸੰਤ ਗੁਰਦੇਵ ਸਿੰਘ ਮਾਂਗਟ (ਆਤਮ ਕਥਾ), 2008 ਆਰਸੀ ਪਬਲਿਸ਼ਰਜ਼ ਚਾਂਦਨੀ ਚੌਂਕ, ਦਿੱਲੀ, ਸਫਾ 27-29

2. ਉਪਰੋਕਤ, ਕੁਰਸੀ ਨਾਮਾ ਮਾਂਗਟ ਪਰਿਵਾਰ, ਸਫਾ 73

3. ਉਪਰੋਕਤ, ਸਫਾ 28-29

4. ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਤਿਗੁਰੂ ਬਿਲਾਸ, ਭਗਾ ਪਹਿਲਾ, ਸਫਾ 217

5. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਦੂਜਾ, ਸਫਾ 84

6. ਕੁਲੈਕਟਰ ਲੁਧਿਆਣਾ ਮਿ. ਕੋਨੋਰ ਅਤੇ ਲਾਹੌਰ ਹਾਈਕੋਰਟ ਦੇ ਫੈਸਲੇ ਦੀਆਂ ਨਕਲਾਂ ਜੋ ਸ. ਸੁਰਿੰਦਰ ਸਿੰਘ ਨਾਮਧਾਰੀ ਲੁਧਿਆਣਾ ਦੀ ਕਿਰਪਾ ਨਾਲ ਪ੍ਰਾਪਤ ਹੋਈਆਂ।


..................................................

# ਪੰਜਾਬੀ ਲੋਕਗੀਤਾਂ ਵਿੱਚ ਪੰਜਾਬੀਅਤ ਦਾ ਤੇ ਰਾਸ਼ਟਰੀ ਚੇਤਨਾ ਦਾ ਸੰਕਲਪ



**ਡਾ. ਨਾਹਰ ਸਿੰਘ**

ਪੰਜਾਬ ਦੀ ਧਰਤੀ ਉੱਤੇ ਲੋਕ-ਕਾਵਿ ਦੀ ਪਰੰਪਰਾ ਦੀ ਜੜ੍ਹ ਰਿਗਵੇਦ ਕਾਲ ਤੱਕ ਜਾ ਮਿਲਦੀ ਹੈ। ਰਿਗਵੇਦ ਵਿੱਚ ਪ੍ਰਾਪਤ ਬਹੁਤ ਸਾਰੀਆਂ ਰਿਚਾਂ ਉਸ ਵੇਲੇ ਦੀ ਕਾਵਿਕ-ਪ੍ਰਤਿਭਾ ਤੇ ਲੋਕ ਸਿਆਣਪਾਂ ਨੂੰ ਪ੍ਰਗਟਾਉਂਦੀਆਂ ਹਨ। ਇਹ ਕਾਵਿ-ਟੋਟੇ ਪਹਿਲਾਂ ਲੋਕਾਂ ਦੀ ਸਿਮਰਤੀ ਵਿਚ ਰਚੇ ਗਏ, ਪਿੱਛੋਂ ਉਨ੍ਹਾਂ ਲੋਕ-ਸਿਆਣਪਾਂ ਨੂੰ ਰਿਸ਼ੀਆਂ ਨੇ ਦਾਰਸ਼ਨਿਕ ਧਾਰਨਾਵਾਂ ਤੇ ਨਿਸ਼ਚਿਤ ਉਚਾਰ ਰੂਪਾਂ ਵਿਚ ਪ੍ਰਣਾਲੀਬੱਧ ਕਰ ਦਿੱਤਾ। ਪੰਜਾਬ ਵਿਚ ਸਦੀਆਂ ਬੱਧੀ ਇਨ੍ਹਾਂ ਲੋਕਗੀਤਾਂ ਤੇ ਸਿਆਣਪਾਂ ਨੂੰ ਪਰਾ-ਲੌਕਿਕ ਰੰਗ ਦੇ ਕੇ ਧਾਰਮਕ ਉਕਤੀਆਂ ਵਜੋਂ ਧਾਰਮਕ ਗ੍ਰੰਥਾਂ ਵਿਚ ਸੰਭਾਲਿਆ ਜਾਂਦਾ ਰਿਹਾ ਹੈ।

ਪੰਜਾਬ ਦੀ ਧਰਤੀ ਉੱਤੇ ਲੋਕਗੀਤਾਂ ਦੀ ਲੌਕਿਕ ਧਾਰਾ ਭਾਵੇਂ ਬਹੁਤ ਪ੍ਰਾਚੀਨ ਹੈ ਪਰ ਪ੍ਰਾਪਤ ਪੰਜਾਬੀ ਲੋਕਗੀਤਾਂ ਦੀ ਨਿਸ਼ਚਿਤ ਪਰੰਪਰਾ ਅਠਾਰਵੀਂ ਸਦੀ ਤੱਕ ਹੀ ਠੋਸ ਰੂਪ ਵਿੱਚ ਉਲੀਕੀ ਜਾ ਸਕਦੀ ਹੈ। ਇਸ ਤੋਂ ਪੂਰਵਲੀ ਪਰੰਪਰਾ ਦਾ ਖ਼ੁਰਾ ਖੋਜ ਸਮੇਂ ਦੀ ਧੂੜ ਵਿੱਚ ਗੁਆਚ ਗਿਆ ਹੈ। ਲੋਕਗੀਤਾਂ ਦੀ ਪਰੰਪਰਾ ਮੌਖਿਕ ਹੋਣ ਕਰਕੇ ਨਾਲੋ-ਨਾਲ ਮਿਟਦੀ/ਬਦਲਦੀ ਗਈ ਹੈ। ਮੌਖਿਕ ਕਾਵਿ ਦਾ ਜਿਹੜਾ ਰੂਪ ਲਿਪੀਬੱਧ ਹੋਇਆ ਹੈ, ਉਹ ਕਿਸੇ ਵਿਸ਼ੇਸ਼ ਸਿਰਜਕ ਦੀ ਵਿਅਕਤੀਗਤ ਪ੍ਰਤਿਭਾ ਵਿੱਚੋਂ ਲੰਘਿਆ ਹੈ, ਉਸ ਉੱਤੇ ਵਿਸ਼ੇਸ਼ ਮੱਤ ਦੀ ਜਾਂ ਵਿਸ਼ੇਸ਼ ਸਾਹਿਤਕ ਧਾਰਾ ਦੀ ਜਾਂ ਵਿਅਕਤੀ ਦੀ ਮੋਹਰ ਲੱਗ ਗਈ ਹੈ। ਪਰ ਉਹ ਪਰੰਪਰਾ ਵਿਚ ਪੈ ਕੇ ਸਮੂਹਕ ਹੋ ਗਿਆ ਹੈ।

ਮੱਧਕਾਲ ਤੱਕ ਦਾ ਕਾਫੀ ਸਾਰਾ ਸਾਹਿਤ, ਲੋਕ ਸਾਹਿਤ ਦਾ ਪਰਿਵਰਤਤ ਹੋਇਆ ਰੂਪ ਹੀ ਹੈ। ਲੋਕਗੀਤਾਂ ਦੀ ਪ੍ਰਾਚੀਨਤਾ ਤੇ ਪਰੰਪਰਾ ਦੀ ਪਛਾਣ ਲਈ ਕਈ ਆਧਾਰ ਹੋ ਸਕਦੇ ਹਨ। ਇਤਿਹਾਸਕ ਹਵਾਲਿਆਂ, ਸੰਕੇਤਾਂ, ਘਟਨਾਵਾਂ, ਰਹੁ-ਰੀਤਾਂ ਜਾਂ ਲੋਕ-ਵਿਸ਼ਵਾਸਾਂ ਨਾਲ ਸਬੰਧਤ ਲੋਕਗੀਤਾਂ ਵਿਚੋਂ ਉਨ੍ਹਾਂ ਦੀ ਪੁਰਾਤਨਤਾ ਨੂੰ ਮੋਟੇ ਰੂਪ ਵਿਚ ਅੰਕਿਆ ਜਾ ਸਕਦਾ ਹੈ। ਪਰ ਇਨ੍ਹਾਂ ਵਿਰਲੇ, ਟਾਂਵੇ ਤੇ ਅਧੂਰੇ ਤੱਥਾਂ ਦੇ ਆਧਾਰ ਤੇ ਲੋਕਗੀਤ ਦੀ ਪਰੰਪਰਾ ਨੂੰ ਅੰਸ਼ਕ ਰੂਪ ਵਿਚ ਹੀ ਉਸਾਰਿਆ ਜਾ ਸਕਦਾ ਹੈ। ਉਦਾਹਰਨ ਵਜੋਂ ਪੰਜਾਬ ਦੇ ਲੋਕਗੀਤਾਂ ਵਿਚੋਂ ਸੰਸਕਾਰ-ਗੀਤਾਂ ਵਿਚ ਪੇਸ਼ ਵਸਤੂ ਤੇ ਪ੍ਰਾਪਤ ਰੂਪ ਉਨ੍ਹਾਂ ਦੇ ਬਹੁਤ ਪ੍ਰਾਚੀਨਤਮ ਹੋਣ ਦੀ ਦੱਸ ਪਾਉਂਦੇ ਹਨ, ਭਾਵੇਂ ਇਹ ਕਹਿਣਾ ਕਠਿਨ ਹੈ ਕਿ ਕਿਸੇ ਗੀਤ ਜਾਂ ਗੀਤ-ਰੂਪ ਦੀ ਪਰੰਪਰਾ ਕਿੰਨੀ ਪੁਰਾਣੀ ਹੈ।

ਪੰਜਾਬ ਵਿਚ ਲੋਕ-ਸਾਹਿਤ ਅਤੇ ਵਸਿਸ਼ਟ ਸਾਹਿਤ ਦੀਆਂ ਦੋ ਪਰੰਪਰਾਵਾਂ ਇੱਕ ਦੂਜੀ ਦੇ ਸਮਾਨਅੰਤਰ ਅਤੇ ਪੂਰਕ ਹੋ ਕੇ ਚਲਦੀਆਂ ਆਈਆਂ ਹਨ।

ਮੱਧਕਾਲ ਦੇ ਪੰਜਾਬੀ ਸਾਹਿਤ ਵਿੱਚੋਂ ਲੋਕ-ਸਾਹਿਤ ਦੀਆਂ ਅਨੇਕਾਂ ਰੂੜੀਆਂ, ਲੋਕ ਮੋਟਿਫ਼ਾਂ, ਕਾਵਿ-ਰੂਪਾਂ, ਕਾਵਿ-ਜੁਗਤਾਂ ਅਤੇ ਕਾਵਿ-ਕਥਨਾਂ ਦੀ ਕਾਰਜਸ਼ੀਲਤਾ ਦੀਆਂ ਸੈਂਕੜੇ ਉਦਾਹਰਣਾਂ ਮਿਲ ਜਾਂਦੀਆਂ ਹਨ। ਵਸ਼ਿਸਟ ਸਾਹਿਤ ਵਿਚੋਂ ਲੋਕ-ਤੱਤਾਂ ਅਤੇ ਇਨ੍ਹਾਂ ਦੀ ਸਿਰਜਨਾਤਮਕ ਕਾਰਜਸ਼ੀਲਤਾ ਨੂੰ ਪਛਾਣ ਕੇ ਪੰਜਾਬੀ ਲੋਕਗੀਤਾਂ ਦੀ ਕਿਸੇ ਨਿਸ਼ਚਿਤ ਪਰੰਪਰਾ ਦੀ ਪਛਾਣ ਦੇ ਮੁਢਲੇ ਯਤਨ ਹੋ ਸਕਦੇ ਹਨ। ਇਸ ਪਰੰਪਰਾ ਦੀ ਪਛਾਣ ਤੋਂ ਬਿਨਾਂ ਲੋਕਗੀਤਾਂ ਦੀ ਮੂਲ ਭਾਵਨਾ, ਬਦਲਦੀਆਂ ਆਈਆਂ ਵਿਚਾਰਧਾਰਾਵਾਂ ਤੇ ਸੰਕਲਪਾਂ ਨੂੰ ਸਹੀ ਸੰਦਰਭ ਵਿੱਚ ਨਹੀਂ ਸਮਝਿਆ ਜਾ ਸਕਦਾ।

ਪੰਜਾਬੀ ਲੋਕਗੀਤਾਂ ਵਿਚੋਂ ਕੌਮੀ ਭਾਵਨਾ ਜਾਂ ਕੌਮੀ ਏਕਤਾ ਦਾ ਕੋਈ ਨਿਸ਼ਚਿਤ ਸੰਕਲਪ ਲੱਭਣਾ ਕਠਿਨ ਹੈ। ਇਸ ਦਾ ਇੱਕ ਕਾਰਨ ਲੋਕਗੀਤ ਦਾ ਆਪਣਾ ਵਿਲੱਖਣ ਸੁਭਾਅ ਤੇ ਸੀਮਾ ਵੀ ਹੈ। ਲੋਕਗੀਤ ਕਿਸੇ ਵਿਸ਼ੇਸ਼ ਖ਼ਿੱਤੇ ਵਿੱਚ ਵਸਦੇ ਸਾਂਝੀ ਜ਼ੁਬਾਨ ਤੇ ਸਾਂਝੇ ਸਭਿਆਚਾਰ ਵਾਲੇ ਲੋਕਾਂ ਵਿੱਚ

ਪੀੜੀਉਂ ਪੀੜ੍ਹੀ ਚਲਦੇ ਰਹਿੰਦੇ ਹਨ। ਹਰ ਪੀੜ੍ਹੀ ਆਪਣਾ ਇਤਿਹਾਸਕ ਅਨੁਭਵ ਤੇ ਸਿਮਰਤੀਆਂ ਨੂੰ ਇਸ ਵਿਚ ਸਮੋ ਕੇ ਅਗਲੀ ਪੀੜ੍ਹੀ ਨੂੰ ਸੌਂਪ ਦਿੰਦੀ ਹੈ। ਅਗਲੀ ਪੀੜ੍ਹੀ ਆਪਣੀਆਂ ਸਮਕਾਲੀ ਲੋੜਾਂ ਤੇ ਅਨੁਭਵਾਂ ਅਨੁਸਾਰ ਇਸ ਵਿਚ ਕਾਂਟ ਛਾਂਟ ਜਾਂ ਸੋਧ ਸੁਧਾਈ ਕਰਕੇ ਅੱਗੇ ਤੋਰ ਦਿੰਦੀ ਹੈ। ਇਹ ਪਰੰਪਰਾ ਤੇ ਪੁਨਰ-ਸਿਰਜਨਾ ਦੀ ਨਿਰੰਤਰ ਪ੍ਰਕਿਰਿਆ ਵਿੱਚ ਪੈ ਕੇ ਲੋਕਗੀਤ ਦੇ ਪਾਠ ਗਤੀਸ਼ੀਲ ਰੂਪ ਵਿਚ ਪ੍ਰਵਾਹਮਾਨ ਰਹਿੰਦੇ ਹਨ। ਇਸ ਮੌਖਿਕ ਧਾਰਾ ਵਿੱਚ ਸਮੇਂ ਦੇ ਨਾਲ ਬਹੁਤ ਕੁਝ ਉਹ ਵੀ ਗੁੰਮ ਗੁਆਚ ਜਾਂਦਾ ਹੈ ਜੋ ਇਤਿਹਾਸਕ ਦ੍ਰਿਸ਼ਟੀ ਤੋਂ ਅਤਿ ਮਹੱਤਵਪੂਰਨ ਹੁੰਦਾ ਹੈ।

ਦੂਜਾ ਲੋਕਗੀਤ ਅਪਣੀ ਵਿਸ਼ੇਸ਼ ਪ੍ਰਕਿਰਤੀ ਕਾਰਨ ਕਿਸੇ ਜਾਤੀ ਸਮੂਹ ਦੀਆਂ ਮੂਲ ਪ੍ਰਵਿਰਤੀਆਂ ਉੱਤੇ ਹੀ ਕੇਂਦਰਤ ਰਹਿੰਦਾ ਹੈ। ਲੋਕਗੀਤ, ਸਭਿਆਚਾਰ ਦੀ ਉਸ ਡੂੰਘੀ ਤਹਿ ਨਾਲ ਸਬੰਧਤ ਹੁੰਦੇ ਹਨ ਜਿਹੜੀ ਸਮੂਹਕ ਅਨੁਭਵ ਦੇ ਧਰਾਤਲ ਉੱਤੇ ਪਰੰਪਰਾ ਦਾ ਅੰਗ ਬਣ ਚੁੱਕੀ ਹੁੰਦੀ ਹੈ। ਉਸ ਸਭਿਆਚਾਰ ਦੀਆਂ ਉਤਲੀਆਂ ਪਰਤਾਂ ਉੱਤੇ ਭਿੰਨ-ਭਿੰਨ ਸਭਿਆਚਾਰਕ ਤੇ ਰਾਜਸੀ ਲਹਿਰਾਂ ਅਪਣਾ ਇਤਹਾਸ ਉਕਰਦੀਆਂ ਜਾਂਦੀਆਂ ਹਨ। ਇਸ ਇਤਿਹਾਸ ਦਾ ਥੋੜ੍ਹਾ ਅੰਸ਼ ਹੀ ਸਭਿਆਚਾਰਕ ਪਰੰਪਰਾ ਦਾ ਅੰਗ ਬਣ ਕੇ ਲੋਕਗੀਤਾਂ ਤੇ ਲੋਕਧਾਰਾ ਦੇ ਬਾਕੀ ਰੂਪਾਂ ਵਿੱਚ ਵਟਣ ਦੇ ਸਮਰੱਥ ਹੁੰਦਾ ਹੈ। ਲੋਕਗੀਤਾਂ ਨੇ ਜਿਹੜਾ ਇਤਿਹਾਸ ਸਾਂਭਿਆ ਵੀ ਹੁੰਦਾ ਹੈ ਉਸ ਦੀ ਤੱਥ-ਮੂਲਕਤਾ ਸੰਦਿਗਧ ਹੁੰਦੀ ਹੈ ਕਿਉਂਕਿ ਲੋਕਗੀਤ ਇਤਿਹਾਸ ਨੂੰ ਇਤਿਹਾਸਕ ਵਾਕਿਆਤ ਦੇ ਰੂਪ ਵਿੱਚ ਨਹੀਂ ਸਗੋਂ ਲੋਕ-ਸੱਚ ਦੇ ਰੂਪ ਵਿੱਚ ਗ੍ਰਹਿਣ ਕਰਦਾ ਹੈ। ਇਤਿਹਾਸ ਦਾ ਲੋਕ-ਸੱਚ ਇਤਿਹਾਸਕ ਤੱਥਾਂ ਦਾ ਲੋਕ ਮਨ ਦੀਆਂ ਪ੍ਰਵਿਰਤੀਆਂ ਤੇ ਸਮੂਹਕ ਭਾਵਨਾਵਾਂ ਅਨੁਸਾਰ ਢਲਿਆ ਹੋਇਆ ਰੂਪ ਹੁੰਦਾ ਹੈ। ਸੋ ਲੋਕਗੀਤ ਵਿੱਚ ਪੇਸ਼ ਹੋਇਆ ਇਤਿਹਾਸ ਸਭਿਆਚਾਰਕ ਦ੍ਰਿਸ਼ਟੀ ਤੋਂ ਭਾਵੇਂ ਕਿੰਨਾਂ ਵੀ ਮਹੱਤਵਪੂਰਨ ਕਿਉਂ ਨਾ ਹੋਵੇ ਪਰ ਉਹ ਤੱਥਾਂ ਦਾ ਇਤਿਹਾਸਗਤ ਵੇਰਵਾ ਨਹੀਂ ਹੁੰਦਾ। ਉਹ ਸਭਿਆਚਾਰਕ ਸੱਚ ਹੁੰਦਾ ਹੈ, ਇਤਿਹਾਸਕ ਤੱਥ ਹੋ ਵੀ ਸਕਦਾ ਹੈ ਅਤੇ ਨਹੀਂ ਵੀ। ਇਸ ਲਈ ਜਦੋਂ ਅਸੀਂ ਲੋਕਗੀਤਾਂ ਦੇ ਆਧਾਰ ਤੇ ਕਿਸੇ ਵਿਸ਼ੇਸ਼ ਸੰਕਲਪ ਜਾਂ ਇਤਿਹਾਸ ਦੀ ਗੱਲ ਕਰਦੇ ਹਾਂ ਤਾਂ ਉਸ ਸਮੱਗਰੀ ਵਿੱਚ ਬਹੁਤ ਵੱਡੇ ਇਤਿਹਾਸਕ ਪਾੜੇ ਤੇ ਪਾਠ ਗਤ ਖੱਪੇ ਰਹਿ ਜਾਂਦੇ ਹਨ। ਪੰਜਾਬੀ ਲੋਕਗੀਤਾਂ ਵਿੱਚ ਪੰਜਾਬੀਅਤ ਦੇ ਸੰਕਲਪ ਦੀ ਪਛਾਣ ਲਈ ਲੋਕਗੀਤਾਂ ਵਿਚ ਅਜ਼ਾਦੀ ਸੰਗਰਾਮ ਦੀ ਬਿੰਬਕਾਰੀ ਨੂੰ ਸਮਝਣ ਦੀ ਲੋੜ ਹੈ। ਇਸ ਲਈ ਲੋਕਗੀਤ ਅਤੇ ਆਜ਼ਾਦੀ ਸੰਗਰਾਮ ਦੇ ਪ੍ਰਸਪਰ ਸਬੰਧਾਂ ਨੂੰ ਵਿਚਾਰਨਾ ਜ਼ਰੂਰੀ ਹੈ।

ਮੱਧਕਾਲੀਨ ਜੀਵਨ-ਜਾਂਚ ਨਾਲ ਸਬੰਧਤ ਲੋਕਗੀਤਾਂ ਵਿੱਚੋਂ ਬਹੁਤੇ ਸੰਸਕਾਰਾਂ, ਉਤਸਵਾਂ ਤੇ ਪੂਜਾ-ਵਿਧੀਆਂ ਨਾਲ ਸਬੰਧਤ ਹਨ। ਪ੍ਰਾਪਤ ਪੰਜਾਬੀ ਲੋਕਗੀਤਾਂ ਵਿਚੋਂ ਕੋਈ ਵਿਰਲਾ ਟਾਵਾਂ ਗੀਤ ਹੀ ਅਜੇਹਾ ਮਿਲਦਾ ਹੈ ਜਿਸ ਵਿਚ ਕਿਸੇ ਵਿਸ਼ੇਸ਼ ਇਤਿਹਾਸਕ ਘਟਨਾ, ਵਿਅਕਤੀ ਜਾਂ ਕਾਲ-ਖੰਡ ਦਾ ਅਨੁਭਵ ਸਿੱਧੇ ਰੂਪ ਵਿਚ ਅੰਕਤ ਹੋਇਆ ਹੋਵੇ। ਮੁਗਲ ਰਾਜ ਦੇ ਜਬਰ ਤੇ ਹਨੇਰਗਰਦੀ ਨੂੰ ਪੇਸ਼ ਕਰਨ ਵਾਲਾ ਪ੍ਰਸਿੱਧ ਗੀਤ 'ਸੁੰਦਰੀ' ਹੈ ਜਿਸ ਵਿਚ ਇਕ ਪੰਜਾਬਣ ਮੁਗਲ ਹਾਕਮ ਹੱਥੋਂ ਆਪਣੇ ਸਤ ਦੀ ਰਾਖੀ ਹਿੱਤ ਆਪਣਾ ਆਪਾ-ਅਗਨ ਭੇਂਟ ਕਰ ਲੈਂਦੀ ਹੈ। ਇਸ ਗੀਤ ਵਿੱਚ ਸਧਾਰਨ ਪੰਜਾਬੀਆਂ ਦੀ ਬੇਬਸੀ ਦਾ ਜਿਹੜਾ ਚਿੱਤਰ ਉੱਘੜਿਆ ਹੈ, ਉਹ ਬੜਾ ਮਾਰਮਿਕ ਹੈ। ਇਸੇ ਬੇਬਸੀ ਦੀ ਸਥਿਤੀ ਵਿੱਚੋਂ ਸਿੱਖ ਲਹਿਰ ਦਾ ਉਥਾਨ ਹੁੰਦਾ ਹੈ। ਜੋ ਇਸ ਬੇਬਸੀ ਨੂੰ ਹਥਿਆਰਬੰਦ ਟੱਕਰ ਦਾ ਰੂਪ ਦਿੰਦੀ ਹੈ। ਇਸ ਲਹਿਰ ਨੇ ਪੰਜਾਬੀ ਕੌਮੀਅਤ ਨੂੰ ਇੱਕ ਨਵੀਂ ਸਭਿਆਚਾਰਕ ਪਛਾਣ ਦਿੱਤੀ ਹੈ ਪਰ ਇਹ ਤੱਥ ਬੜਾ ਹੈਰਾਨੀਜਨਕ ਹੈ ਕਿ ਏਡੇ ਵੱਡੇ ਇਤਿਹਾਸਕ ਸੰਗਰਾਮ ਤੇ ਯੁੱਗ-ਪਲਟਾਊ ਚਿੰਤਨ ਦਾ ਲੋਕਗੀਤਾਂ ਦੇ ਪੱਧਰ ਉੱਤੇ ਕੋਈ ਭਰਵਾਂ ਪ੍ਰਗਟਾਵਾ ਨਹੀਂ ਹੋਇਆ ਮਿਲਦਾ। ਘੱਟੋ-ਘੱਟ ਇਸ ਪ੍ਰਗਟਾਵੇ ਦੇ ਕੋਈ ਲਿਖਤੀ ਪ੍ਰਮਾਣ ਨਹੀਂ ਮਿਲਦੇ। ਇਸ ਲਹਿਰ ਦੀ ਮੂਲ ਪਰੇਰਨਾ ਧਾਰਮਿਕ ਤੇ ਵਸ਼ਿਸ਼ਟਤਾ ਵੱਲ ਰੁਚਿਤ ਹੋਣ ਕਰਕੇ ਜਾਂ ਗੁਰਮਤ ਚਿੰਤਨ ਦੀ ਨਿਸ਼ਚਿਤ ਤੇ ਸੰਜਮ-ਬੱਧ ਜੀਵਨ-ਦ੍ਰਿਸ਼ਟੀ ਹੋਣ ਕਰਕੇ ਵੀ ਅਜੇਹਾ ਹੋ ਸਕਦਾ ਹੈ ਪਰ ਇਸ ਲਹਿਰ ਦਾ ਲੌਕਿਕ ਰੂਪਾਂ ਵਿੱਚ ਜ਼ਰੂਰੀ ਕੋਈ ਪ੍ਰਗਟਾਵਾ ਹੋਇਆ ਹੋਵੇਗਾ। ਗੁਰੂ ਸਾਹਿਬਾਨ ਦੀਆਂ ਸ਼ਖ਼ਸੀਅਤਾਂ ਤੇ ਧਾਰਮਿਕ ਅਕੀਦਿਆਂ ਸਬੰਧੀ ਕੁਝ ਕੁ ਗੀਤ ਮਿਲਦੇ ਹਨ ਪਰ ਸਿੱਖ ਲਹਿਰ ਦੀ ਚੜ੍ਹਤ, ਸਿੱਖ ਯੋਧਿਆਂ ਦੇ ਕਾਰਨਾਮੇ, ਮੁਗਲ ਹਾਕਮਾਂ ਵਲੋਂ ਉਨ੍ਹਾਂ ਨੂੰ ਦਿੱਤੇ ਗਏ ਤਸੀਹਿਆਂ ਜਾਂ ਜੰਗਲਾਂ ਵਿਚ ਭਟਕਦੇ ਸਿੱਖ-ਸਮੂਹਾਂ ਨਾਲ ਸਬੰਧਤ ਲੋਕਗੀਤ ਨਹੀਂ ਮਿਲਦੇ। ਇਹ ਅਨੁਮਾਨ ਜ਼ਰੂਰ ਹੈ ਕਿ ਲੋਕਾਂ ਨੇ ਇਨ੍ਹਾਂ ਵੇਲਿਆਂ ਵਿੱਚ ਆਪਣੇ ਲੋਕਗੀਤ ਜ਼ਰੂਰ ਰਚੇ ਹੋਣਗੇ ਕਿਉਂਕਿ ਜੂਝਦੀਆਂ ਕੌਮਾਂ ਅਪਣੇ ਰੂਹਾਨੀ ਤੇ ਕਲਾਤਮਕ ਵਿਰਸੇ ਨੂੰ

ਵੀ ਨਾਲੋ-ਨਾਲ ਸਿਰਜਦੀਆਂ ਜਾਂਦੀਆਂ ਹਨ।

ਪੰਜਾਬ ਵਿਚ ਨਾਥ ਜੋਗੀਆਂ ਸਬੰਧੀ ਲੋਕਗੀਤਾਂ ਦੀ ਇੱਕ ਲੰਮੀ ਪਰੰਪਰਾ ਹੈ। ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਰਾਜ ਕਾਜ ਸਬੰਧੀ ਇਤਿਹਾਸਕ ਲੋਕਗੀਤ ਉਪਲਬਧ ਹਨ ਪਰ ਸਿੱਖ ਲਹਿਰ ਦੇ ਇਤਿਹਾਸਕ ਲੋਕਗੀਤ ਨਹੀਂ ਮਿਲਦੇ ਸਿਰਫ ਇੱਕਾ ਦੁੱਕਾ ਟੋਟੇ ਹੀ ਹਨ-

-ਖਾਧਾ ਪੀਤਾ ਲਾਹੇ ਦਾ
ਰਹਿੰਦਾ ਅਹਿਮਦ ਸ਼ਾਹੇ ਦਾ

............

-ਮੰਨੂ ਅਸਾਡੀ ਦਾਤਰੀ
ਅਸੀਂ ਮੰਨੂ ਦੇ ਸੋਏ
ਜਿਉਂ ਜਿਉਂ ਮੰਨੂ ਵੱਢਦਾ
ਅਸੀਂ ਦੂਣੇ ਚੌਣੇ ਹੋਏ

...............

ਰਾਜ ਚੁਗੱਤਿਆਂ ਦਾ
ਧੀਆਂ ਵੇਚਣ ਕੁਆਰੀਆਂ ਫੜ ਕੇ

...............

ਮਹਾਰਾਜਾ ਰਣਜੀਤ ਸਿੰਘ ਕਾਲ ਦੇ ਲੋਕਗੀਤਾਂ ਵਿੱਚ ਦੋ ਪ੍ਰਵਿਰਤੀਆਂ ਬੜੀਆਂ ਸਪਸ਼ਟ ਹਨ, ਇੱਕ ਪਰਦੇਸੀਂ ਗਏ ਸਿੰਘ ਸਿਪਾਹੀ ਦੀ ਗੋਰੀ ਦਾ ਝੋਰਾ, ਦੂਜੀ ਰਣਜੀਤ ਸਿੰਘ ਦੇ ਰਾਜ ਤੇ ਉਸਦੀਆਂ ਜਿੱਤਾਂ ਦੀ ਖ਼ੁਸ਼ੀ ਵਿੱਚ ਭਾਈਵਾਲਤਾ, ਇਹ ਦੋ ਆਪਾ ਵਿਰੋਧੀ ਪ੍ਰਤੀਕਰਮ ਉਸੇ ਵਿਆਹੁਤਾ ਨਾਰ ਦੇ ਹਨ ਜਿਹੜੀ ਪਹਿਲੀ ਅਵਸਥਾ ਵਿੱਚ ਆਪਣੇ ਸਿੰਘ ਨੂੰ ਫੌਜ ਵਿੱਚ ਜਾਣੋਂ ਵਰਜਦੀ ਹੈ। ਫ਼ੌਜ ਵਿੱਚ ਗਏ ਪਤੀ ਨੂੰ ਮੁੜ ਵਤਨਾਂ ਵੱਲ ਆਉਣ ਲਈ ਸੁਨੇਹੇ ਘੱਲਦੀ ਹੈ। ਰਣਜੀਤ ਸਿੰਘ ਦੇ ਰਾਜ ਵਿੱਚ ਕੁੱਲ ਵਕਤੀ ਫ਼ੌਜ ਰੱਖੀ ਜਾਂਦੀ ਸੀ। ਜਦੋਂ ਫ਼ੌਜ ਵਿੱਚ ਭਰਤੀ ਹੋਣ ਦਾ ਹੋਕਾ ਪਿੰਡਾਂ ਵਿਚ ਜਾਂਦਾ ਹੈ, ਉਸ ਵਿਆਹੁਤਾ ਨਾਰ ਦਾ ਪਹਿਲਾ ਪ੍ਰਤੀਕਰਮ ਇਹ ਹੈ-

ਧੁਰ ਮੁਲਤਾਨੋਂ ਚਿੱਠੀਆਂ ਆਈਆਂ ਸਈਓ
ਹੁਣ ਮੇਰੇ ਕਿਨ ਕਿਨ ਜੀ ਨੌਕਰ ਜਾਣਾ
ਸਹੁਰਾ ਵੀ ਘੱਲਦੀ ਪਤਿਔਰਾ ਵੀ ਘੱਲਦੀ ਸਹੀਓ
ਮੈਂ ਨਾ ਘਲਦੀ ਜੀ ਲਾਲ ਅੰਵਾਣਾ

.....................

ਅੰਦਰ ਵੜਿਆ ਨੀ ਬਰਦੀ ਕਸੀ ਸਹੀਓ
ਹੁਣ ਮੇਰਾ ਲਗਦਾ ਨੀ ਢੋਲ ਸਿਪਾਹੀ
ਨੀਲਾ ਘੋੜਾ ਤੇ ਲਾਲ ਦੁਸ਼ਾਲਾ ਸਹੀਓ
ਜੇ ਕੋਈ ਜਾਵੇ ਨੀ ਲਾਲ ਦੀ ਵਾਰੀ
ਪੰਜ ਰੁਪੱਈਏ ਮੱਥੇ ਦਾ ਟਿੱਕਾ ਸਹੀਓ
ਜੇ ਕੋਈ ਜਾਂਦੇ ਲਾਲ ਨੂੰ ਮੋੜੇ

..................

ਰਣਜੀਤ ਸਿੰਘਾਂ ਵੇ ਮੋੜ ਘੋੜਾ
ਆਪ ਚੜ੍ਹ ਸੁੱਤਾ ਏਂ ਉੱਚੀ ਹਵੇਲੀ
ਸਾਡੇ ਤਾਂ ਸਿੰਘਾਂ ਦਾ ਅੱਲਾ ਏ ਬੇਲੀ
ਰਣਜੀਤ ਸਿੰਘਾ ਵੇ ਮੋੜ ਘੋੜਾ.....

ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵੱਲੋਂ ਨਿੱਤ ਨਵੀਆਂ ਜਿੱਤਾਂ ਪ੍ਰਾਪਤ ਕਰਨ ਦੀਆਂ ਖਬਰਾਂ ਜਦੋਂ ਪਿੰਡ-ਪਿੰਡ ਪਹੁੰਚਦੀਆਂ ਹਨ ਤਾਂ ਸਿਪਾਹੀ ਦੀ ਨਾਰ ਉਸ ਸਿਪਾਹੀ ਦੀਆਂ ਪ੍ਰਾਪਤੀਆਂ ਨਾਲ ਆਪਣਾ ਆਪਾ ਜੋੜ ਕੇ ਮਾਣ ਮਹਿਸੂਸ ਕਰਦੀ ਹੈ। ਲੋਕਗੀਤਾਂ ਵਿਚਲੇ ਹਵਾਲੇ ਦੱਸਦੇ ਹਨ ਕਿ ਉਹ ਤ੍ਰਿਜਣ ਦੀਆਂ ਸਹੇਲੀਆਂ ਵਿੱਚ ਬੈਠੀ ਆਪਣੇ ਸਿੰਘ-ਸਿਪਾਹੀ ਲਈ ਜਿੱਤਾਂ ਦੀਆਂ ਕਾਮਨਾਵਾਂ ਕਰਦੀ ਹੈ। ਉਸ ਨੂੰ 'ਜੰਮੂ ਦੇ ਨੌਕਰ' ਉੱਤੇ ਮਾਣ ਹੈ। ਸਿੰਘ ਦੇ ਅੱਟਕੋਂ ਚਲਣ ਤੇ ਗੋਰੀ ਨਾਜੋ ਦਾ ਖ਼ੁਸ਼ੀ ਵਿੱਚ ਮੋਢਾ ਫੁਰਦਾ ਹੈ। ਅੱਟਕ ਦੇ ਫਤਹਿ ਹੋਣ ਤੇ ਉਹ ਸਹੇਲੀਆਂ ਵਿੱਚ ਖ਼ੁਸ਼ੀ ਸਾਂਝੀ ਕਰਦੀ ਹੈ-

ਭੈਣੋਂ ਦਿਉ ਵਧਾਈਆਂ ਨੀਂ
ਝੰਡਾ ਅਟਕਾਂ ਤੇ ਲਾਇਆ
ਕੱਤਦਿਆਂ ਕੱਤਦਿਆਂ ਨੀਂ
ਮੇਰਾ ਮੋਢਾ ਫੁਰਿਆ
ਭੈਣੋਂ ਦਿਉ ਵਧਾਈਆਂ ਨੀਂ
ਸਿੰਘ ਅਟਕਾਂ ਤੋਂ ਤੁਰਿਆ

ਵਿਦੇਸ਼ੀ ਧਾੜਵੀਆਂ ਕੋਲੋਂ ਆਪਣੀ ਮਾਤ-ਭੂਮੀ ਦੀ ਰਾਖੀ ਕਰਨੀ ਤੇ ਜਾਨ ਦੀ ਬਾਜੀ ਲਾ ਦੇਣੀ, ਪੰਜਾਬੀ ਸਭਿਆਚਾਰ ਦੀ ਇੱਕ ਸਰਬ-ਪ੍ਰਵਾਨਤ ਕਦਰ ਰਹੀ ਹੈ ਤੇ ਜੰਗ ਵਿਚੋਂ ਭੱਜਣਾ ਸਭ ਤੋਂ ਵੱਡੀ ਲਾਹਨਤ ਗਿਣੀ ਗਈ ਹੈ। ਡਰਪੋਕ ਤੇ ਗਦਾਰ ਬੰਦਾ ਮਰ ਗਿਆ ਨਾਲੋਂ ਵੀ ਭੈੜਾ ਗਿਣਿਆ ਜਾਂਦਾ ਸੀ। ਅਪਭ੍ਰੰਸ਼ ਦਾ ਸ਼ਲੋਕ ਹੈ-

ਭਲਾ ਹੁਆ ਜੁ ਮਾਰਿਆ, ਬਹਿਣਿ ਮਹਾਰਾ ਕੰਤ।
ਲਜੇਜੰ ਤੂੰ ਵਯੰਸਿਆਹੁ, ਜਇ ਭੱਗਾ ਘਰ ਅੰਤੁ।

ਅਰਥਾਤ ਚੰਗਾ ਹੋਇਆ ਮੇਰਾ ਪਤੀ ਜੰਗ ਵਿੱਚ ਲੜਦਾ ਹੋਇਆ ਮਾਰਿਆ ਗਿਆ ਹੈ। ਜੇ ਉਹ ਮੈਦਾਨ ਵਿੱਚੋਂ

ਭੱਜ ਆਉਂਦਾ ਤਾਂ ਮੈਨੂੰ ਸਹੇਲੀਆਂ ਨੇ ਮੋਹਣੇ ਮਾਰਨੇ ਸਨ। ਡਰਪੋਕ ਦੀ ਪਤਨੀ ਹੋਣ ਦੀ ਸ਼ਰਮ ਨਾਲ ਮੇਰਾ ਮਰਨ ਹੋ ਜਾਣਾ ਸੀ।

ਰਣਜੀਤ ਸਿੰਘ ਕਾਲ ਦੇ ਲੋਕਗੀਤਾਂ ਵਿੱਚ ਪਹਿਲੀ ਵਾਰ ਇੱਕ ਅਜੇਹੀ ਕੌਮੀਅਤ ਦੀ ਭਾਵਨਾ ਦਾ ਪ੍ਰਗਟਾਵਾ ਹੁੰਦਾ ਹੈ ਜਿਹੜੀ ਵਿਸ਼ੇਸ਼ ਭੂਗੋਲਕ ਹੱਦਾਂ ਨਾਲ ਸੰਬਧਿਤ ਹੈ। ਉਸ ਵੇਲੇ ਭਾਵੇਂ ਰਾਸ਼ਟਰੀ ਏਕਤਾ ਜਾਂ ਰਾਸ਼ਟਰ ਦਾ ਅੱਜ ਵਰਗਾ ਕੋਈ ਸੰਕਲਪ ਮੌਜੂਦ ਨਹੀਂ ਸੀ। ਪਰ ਵਿਸ਼ੇਸ਼ ਰਾਜ ਜਾਂ ਸਟੇਟ ਦੀ ਰਾਖੀ ਦਾ ਸੰਕਲਪ ਪੰਜਾਬੀ ਲੋਕਗੀਤਾਂ ਵਿੱਚ ਬਾਰ ਬਾਰ ਪ੍ਰਗਟ ਹੋਇਆ ਹੈ। ਇਸ ਤੋਂ ਪਹਿਲਾਂ ਮਾਤ ਭੂਮੀ ਦੀ ਰਾਖੀ ਦੇ ਸੰਕਲਪ ਪਿੱਛੇ ਮੂਲ ਪਰੇਰਨਾ ਧਾਰਮਿਕ ਜਾਂ ਆਰਥਕ ਰਹੀ ਹੈ। ਪੰਜਾਬੀ ਕੌਮੀਅਤ ਦੇ ਸੰਦਰਭ ਵਿੱਚ ਦੇਸ਼ ਭਗਤੀ ਜਾਂ ਗਦਾਰੀ ਦੇ ਸੰਕਲਪ ਪਹਿਲੀ ਵਾਰ ਰਣਜੀਤ ਸਿੰਘ ਦੇ ਰਾਜ ਵੇਲੇ ਹੀ ਉਘੜੇ ਹਨ। ਇਸ ਤਰ੍ਹਾਂ ਪੰਜਾਬੀ ਕੌਮੀਅਤ ਤੇ ਪੰਜਾਬੀ ਰਾਜ ਦੀ ਚੇਤਨਾ ਦਾ ਉਦੇ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਨਾਲ ਹੁੰਦਾ ਹੈ। ਇੱਥੇ ਇਹ ਤੱਥ ਵੀ ਧਿਆਨਯੋਗ ਹੈ ਕਿ ਰਣਜੀਤ ਸਿੰਘ ਦੇ ਰਾਜ ਭਾਗ ਦਾ ਸੁੱਖ ਮਾਣ ਕੇ ਉਸ ਨੂੰ ਆਪਣਾ ਰਾਜ ਸਮਝਣ ਦਾ ਜਿੰਨਾ ਖੁੱਲ੍ਹਾ ਪ੍ਰਗਟਾਵਾ ਸਾਡੇ ਮਾਝੇ ਦੇ ਲੋਕਗੀਤਾਂ ਵਿੱਚ ਹੋਇਆ ਹੈ, ਉਸ ਰਾਜ ਦੇ ਖੁੱਸਣ ਦਾ ਦਰਦ ਵੀ ਲੋਕਗੀਤਾਂ ਵਿਚ ਜ਼ਰੂਰ ਅੰਕਤ ਹੋਇਆ ਹੋਵੇਗਾ ਪਰ ਇਸ ਦਾ ਹਾਲੇ ਤੱਕ ਕੋਈ ਲਿਖਤੀ ਪ੍ਰਮਾਣ ਨਹੀਂ ਮਿਲਦਾ। ਇਸ ਦਰਦ ਦਾ ਪਤਾ ਪੰਜਾਬੀ ਦੇ ਉਸ ਭਾਵੁਕ ਹੁੰਗਾਰੇ ਤੋਂ ਪਤਾ ਲਗਦਾ ਹੈ ਜੋ ਉਨ੍ਹਾਂ ਸ਼ਾਹ ਮੁਹੰਮਦ ਦੇ ਜੰਗਨਾਮੇ 'ਜੰਗ ਸਿੰਘਾਂ ਤੇ ਫਰੰਗੀਆਂ' ਨੂੰ ਦਿੱਤਾ ਹੈ। ਸ਼ਾਹ ਮੁਹੰਮਦ ਨੇ ਸਧਾਰਨ ਪੰਜਾਬੀਆਂ ਦੇ ਦਿਲਾਂ ਦੀ ਗੱਲ ਜਿਸ ਵੇਦਨਾਤਮਕ ਸੁਰ ਵਿੱਚ ਕਹੀ ਹੈ, ਇਹ ਗੱਲ ਲੋਕਾਂ ਨੇ ਆਪਣੇ ਲੋਕਗੀਤਾਂ ਵਿੱਚ ਵੀ ਜ਼ਰੂਰ ਕਹੀ ਹੋਵੇਗੀ। ਸ਼ਾਹ ਮੁਹੰਮਦ ਦਾ ਇਕ ਬੰਦ ਹੈ-

ਪਿੱਛੋਂ ਬੈਠ ਸਰਦਾਰਾਂ ਗੁਰਮਤਾ ਕੀਤਾ
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ
ਪੱਗਾਂ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।
ਮੁੱਠੀ ਮੀਟੀ ਸੀ ਏਸ ਪੰਜਾਬ ਦੀ ਜੀ
ਇਨ੍ਹਾਂ ਖੋਲ੍ਹ ਦਿੱਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ
ਕਦੀ ਰਾਜ ਨਾ ਹੋਇ ਮੁਹਤਾਜ ਯਾਰੋ।

ਇਸ ਬੰਦ ਵਿਚ ਪੰਜਾਬ, ਪੰਜਾਬੀ ਰਾਜ ਤੇ ਪੰਜਾਬੀਆਂ ਦੀ ਅਣਖ ਦੇ ਸੰਕਲਪ ਇਕ ਵਿਲੱਖਣ ਸਭਿਆਚਾਰਕ ਪਛਾਣ ਵਾਲੇ ਰਾਜ ਦੇ ਸੰਦਰਭ ਵਿੱਚ ਉਘੜਦੇ ਹਨ। ਪੱਗਾਂ ਤੇ ਦਾੜ੍ਹੀਆਂ ਦੇ ਸਭਿਆਚਾਰਕ ਮੁਹਾਵਰੇ ਵਿਚ ਜਿਹੜੀ ਅਣਖ ਤੇ ਆਜ਼ਾਦੀ ਦੀ ਗੱਲ ਕੀਤੀ ਗਈ ਹੈ, ਉਸ ਪਿੱਛੇ ਇੱਕ ਸੁਤੰਤਰ ਰਾਜ ਦੇ ਗੁਆਚਣ ਦਾ ਸੰਸਾ ਵੀ ਹੈ ਤੇ ਇੱਕ ਵਿਲੱਖਣ ਸਭਿਆਚਾਰਕ ਚੇਤਨਾ ਦੀ ਪਛਾਣ ਵੀ ਹੈ। ਏਥੇ ਪੱਗ ਦਾੜ੍ਹੀਆਂ ਦੀ ਗੱਲ ਨਿਰੀ ਚਿੰਨ੍ਹ ਮਾਤਰ ਨਹੀਂ ਸਗੋਂ ਇਕ ਸਭਿਆਚਾਰਕ ਮੁੱਲ ਵਜੋਂ ਆਈ ਹੈ ਜਿਸ ਅਨੁਸਾਰ ਅੰਗਰੇਜ਼ੀ ਰਾਜ ਦੀ ਗੁਲਾਮੀ, ਮਰਨ ਤੋਂ ਵੀ ਭੈੜੀ ਦੱਸੀ ਗਈ ਹੈ। ਪੰਜਾਬੀਆਂ ਦੀ ਹਾਰ ਦੇ ਉਸ ਹਾਉਕੇ ਨੂੰ ਲੋਕਗੀਤਾਂ ਨੇ ਜ਼ਰੂਰ ਸਾਂਭਿਆ ਹੋਵੇਗਾ।

ਪੰਜਾਬੀ ਲੋਕਗੀਤਾਂ ਵਿੱਚ 'ਪੰਜਾਬੀਅਤ' ਤੇ 'ਪੰਜਾਬੀ ਰਾਜ' ਦਾ ਇਹ ਸੰਕਲਪ ਵਿਸਤਰਿਤ ਹੋ ਕੇ ਭਾਰਤ ਰਾਸ਼ਟਰ ਦੇ ਸੰਕਲਪ ਵਿੱਚ ਉਦੋਂ ਵਟਦਾ ਹੈ ਜਦੋਂ ਆਜ਼ਾਦੀ ਦੀ ਲਹਿਰ ਦੇ ਆਰੰਭ ਹੋਣ ਨਾਲ ਪੰਜਾਬੀਆਂ ਦੀ ਸਿੱਧੀ ਟੱਕਰ ਸਾਮਰਾਜੀ ਸ਼ਕਤੀਆਂ ਨਾਲ ਹੋ ਜਾਂਦੀ ਹੈ। ਪੰਜਾਬੀ ਲੋਕਗੀਤਾਂ ਦਾ ਇੱਕ ਵੱਡਾ ਭਾਗ ਅੰਗਰੇਜ਼ਾਂ ਨੂੰ "ਫਰੰਗੀ" ਕਹਿ ਕੇ ਕੋਸਦਾ ਹੈ। ਲੋਕਗੀਤਾਂ ਨੇ ਇਸ ਫਰੰਗੀ ਨੂੰ ਕਿਸੇ ਬਦੇਸ਼ੀ ਹਾਕਮ ਵੱਜੋਂ ਹੀ ਲਿਆ ਹੈ ਜੋ ਇੱਥੋਂ ਦੇ ਗਭਰੂਆਂ ਨੂੰ ਜੰਗ ਦੀ ਭੱਠੀ ਵਿੱਚ ਝੋਕ ਰਿਹਾ ਹੈ। ਪੰਜਾਬੀ ਲੋਕਗੀਤਾਂ ਅਨੁਸਾਰ ਫਰੰਗੀ ਦਾ ਰਾਜ ਲੁੱਟ, ਜ਼ਬਰ ਤੇ ਸਮਾਜਕ ਹਨੇਰਗਰਦੀ ਦਾ ਕਾਲਾ ਦੌਰ ਹੈ-

ਦੇਖੋ ਚੱਲ ਪੇ, ਗਿਲਟ ਦੇ ਆਨੇ
ਰਾਜ ਫਰੰਗੀਆਂ ਦਾ
-0-
ਬੱਚੇ ਮਰਨ ਫਰੰਗੀਆਂ ਤੇਰੇ
ਨਿੱਤ ਰਹੇਂ ਲਾਮਾਂ ਛੇੜਦਾ
-0-
ਨੀ ਮੈਂ ਰੰਡੀਉਂ ਸੁਹਾਗਣ ਹੋਮਾਂ
ਬਸਰੇ ਦੀ ਲਾਮ ਟੁੱਟ ਜੇ
-0-
ਕਿੱਥੇ ਲਿਖਿਆ ਫਰੰਗੀਆ ਦੱਸ ਵੇ
ਰੰਨਾਂ ਵਾਲੇ ਜੰਗ ਜਿੱਤਦੇ
-0-
ਮੇਰਾ ਸਬਰ ਫਰੰਗੀਆਂ ਨੂੰ ਮਾਰੇ

ਨਾ ਦੇਵੇ ਛੁੱਟੀਆਂ ਨਾ ਤਲਬਾਂ ਤਾਰੇ
-0-
ਰੱਬ ਮੋਇਆ ਤੇ ਦੇਵਤੇ ਭੱਜਗੇ
ਰਾਜ ਫਰੰਗੀਆਂ ਦਾ
-0-
ਤੇਰੀ ਬਾਣ ਨਹੀਂ ਤਲੰਗਿਆ ਜਾਣੀ
ਖੜ੍ਹ ਕੇ ਮੂਤਣ ਦੀ

ਰੱਬ ਦਾ ਮਰਨਾ ਤੇ ਦੇਵਤਿਆਂ ਦਾ ਭੱਜਣਾ ਸਾਡੀ ਸਮਾਜਕ ਬੇਬਸੀ ਤੇ ਸੰਪੂਰਨ ਸਭਿਆਚਾਰਕ ਹਾਰ ਦਾ ਸੂਚਕ ਹੈ। ਭਾਰਤੀ ਸੰਸਕ੍ਰਿਤੀ ਦੀਆਂ ਮਾਨਵਕਾਰੀ ਸ਼ਕਤੀਆਂ ਦੇ ਸਰਬ ਉੱਚ ਨਾਇਕ 'ਦੇਵਤੇ' ਦੀ ਭਾਂਜ ਇਸ ਗੱਲ ਦੀ ਪ੍ਰਤੀਕ ਹੈ ਕਿ ਭਾਰਤੀਆਂ ਨੇ ਰਾਜਸੀ, ਆਰਥਕ, ਸਭਿਆਚਾਰਕ ਤੇ ਧਾਰਮਕ ਸਭਨਾਂ ਪੱਧਰਾਂ ਉੱਤੇ ਹਾਰ ਖਾ ਲਈ ਹੈ। ਇਸ ਸਭਿਆਚਾਰਕ ਗਲਬੇ ਤੋਂ ਬਾਅਦ ਪੰਜਾਬੀ ਲੋਕਾਂ ਨੂੰ ਆਪਣੀ ਗੁਲਾਮੀ ਦੀ ਸਥਿਤੀ ਦਾ ਤਿੱਖਾ ਅਹਿਸਾਸ ਹੁੰਦਾ ਹੈ। ਉਪਰਲੇ ਬਾਕੀ ਟੱਪੇ ਇਸ ਕੌੜੇ ਅਨੁਭਵ ਨੂੰ ਹੰਢਾਉਂਦੇ ਹਨ। ਕਿਧਰੇ ਉਹ ਇਸ ਫਰੰਗੀ ਨੂੰ ਕੋਸਦੇ ਹਨ, ਕਿਧਰੇ ਬੇਬਸੀ ਦਾ ਇਜ਼ਹਾਰ ਕਰਦੇ ਹਨ ਤੇ ਕਿਧਰੇ ਸਬਰ ਦਾ ਘੁੱਟ ਭਰ ਕੇ ਚੁੱਪ ਹੋ ਜਾਂਦੇ ਹਨ।

ਆਜ਼ਾਦੀ ਦੀ ਲਹਿਰ ਦੇ ਆਰੰਭ ਹੋਣ ਨਾਲ ਇਹ ਬੇਬਸੀ ਭਰੇ ਬੋਲ ਵੰਗਾਰ ਵਿੱਚ ਵਟਦੇ ਹਨ। ਪੰਜਾਬ ਵਿਚੋਂ ਬਾਬਾ ਰਾਮ ਸਿੰਘ ਦੀ ਅਗਵਾਈ ਹੇਠ ਉੱਠੀ ਨਾਮਧਾਰੀ ਲਹਿਰ ਨੂੰ ਪੰਜਾਬੀ ਲੋਕਗੀਤਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ।

ਪੰਥ ਤਾਂ ਜੱਗ ਤੇ ਬਹੁਤ ਚੱਲੇ ਨੇ
ਕੂਕਿਆਂ ਦਾ ਪੰਥ ਨਿਰਾਲਾ
ਹੱਥਾਂ ਦੇ ਵਿਚ ਗੜਬਾ ਰਖਦੇ
ਗਲ ਵਿਚ ਉੱਨ ਦੀ ਮਾਲਾ
ਕੱਛੇ ਡੋਲ ਵਾਹਿਗੁਰੂ ਬੋਲਣ
ਟੁੱਭਾ ਲਾਉਣ ਨਿਰਾਲਾ,
ਸਣ ਕੇਸੀਂ ਅਸ਼ਨਾਨ ਨੇ ਕਰਦੇ
ਗੁੜ ਦਾ ਪੀਣ ਪਿਆਲਾ
ਰਾਜ ਅੰਗਰੇਜ਼ਾਂ ਦਾ
ਚੰਦ ਰੋਜ ਦਾ ਚਾਲਾ......

**ਇਸ ਬੋਲੀ ਵਿਚ 'ਕੱਛੇ ਡੋਲ ਵਾਹਿਗੁਰੂ ਬੋਲਣ, ਟੁੱਭਾ ਲਾਉਣ ਨਿਰਾਲਾ' ਦੀ ਉਕਤੀ 'ਦੇਵਤੇ' ਦੇ ਪਰਤ ਆਉਣ ਦੀ ਸਥਿਤੀ ਨੂੰ ਦਰਸਾਉਂਦੀ ਹੈ। 'ਵਾਹਿਗੁਰੂ' ਦਾ ਬੋਲ ਬਾਲਾ ਹੋਣਾ ਆਪਣੇ 'ਰੱਬ' ਤੇ 'ਦੇਵਤੇ' ਨੂੰ ਨਵੇਂ ਸਭਿਆਚਾਰਕ ਪ੍ਰਸੰਗ ਵਿੱਚ ਰਾਜਸੀ ਟਕਰਾਉ ਲਈ ਮੁੜ ਸਥਾਪਤ ਕਰਨ ਦੀ ਆਵਸਥਾ ਹੈ। ਉੱਪਰ ਦਿੱਤੀਆਂ ਦੋਵੇਂ ਟੂਕਾਂ ਤੋਂ ਇਹ ਧਾਰਨਾ ਵੀ ਸਹਿਜ ਰੂਪ ਵਿਚ ਹੀ ਬਣ ਸਕਦੀ ਹੈ ਕਿ ਲੋਕਗੀਤ ਰਾਜਸੀ ਤੇ ਸਮਾਜਕ ਲਹਿਰਾਂ ਅਤੇ ਇਤਿਹਾਸਕ ਘਟਨਾਵਾਂ ਉੱਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਟਿਪੱਣੀ ਕਰਦੇ ਹਨ ਅਤੇ ਆਪਣੀ ਸਭਿਆਚਾਰਕ ਹੋਂਦ ਤੋਂ ਚੇਤਨ ਵੀ ਰਹਿੰਦੇ ਹਨ।**

ਪੰਜਾਬੀ ਲੋਕਗੀਤਾਂ ਵਿੱਚ ਗਦਰ ਲਹਿਰ, ਬੱਬਰ ਲਹਿਰ, ਸਿੰਘ ਸਭਾ ਲਹਿਰ, ਅਕਾਲੀ ਮੋਰਚੇ, ਭਗਤ ਸਿੰਘ ਦੀ ਇਨਕਲਾਬੀ ਲਹਿਰ ਤੇ ਆਜ਼ਾਦੀ ਲਈ ਚੱਲੀਆ ਹੋਰ ਸ਼ਾਂਤਮਈ ਲੋਕ ਲਹਿਰਾਂ ਦਾ ਜਿਕਰ ਪ੍ਰਸੰਸਾਤਮਕ ਸੁਰ ਵਿੱਚ ਮਿਲਦਾ ਹੈ ਇਨ੍ਹਾਂ ਲਹਿਰਾਂ ਦੇ ਆਗੂਆਂ ਦੇ ਦ੍ਰਿਸ਼ਟੀਕੋਨ, ਰਾਜਸੀ ਉਦੇਸ਼ ਤੇ ਸਰਗਰਮੀਆਂ ਵਿੱਚ ਢੇਰ ਅੰਤਰ ਹੈ ਪਰ ਲੋਕਗੀਤਾਂ ਵਿੱਚ ਇਨ੍ਹਾਂ ਨੂੰ ਇੱਕੋ ਸਾਂਝੀ ਕੜੀ ਵਜੋਂ ਲਿਆ ਗਿਆ ਹੈ, ਇਹ ਕੜੀ ਹੈ- ਸਵੈਰਾਜ ਦੀ ਪ੍ਰਾਪਤੀ ਲਈ ਅੰਗਰੇਜ਼ੀ ਰਾਜ ਦਾ ਖਾਤਮਾ। ਸਾਡੇ ਲੋਕਗੀਤ ਕਿਸੇ ਤਰ੍ਹਾਂ ਦੀਆਂ ਦਾਰਸ਼ਨਿਕ ਬਰੀਕੀਆਂ ਵਿੱਚ ਪੈਣ ਦੀ ਥਾਵੇਂ ਸਮਰਾਜੀ ਸ਼ਕਤੀਆਂ ਵਿਰੁਧ ਸ਼ਾਂਤਮਈ ਤੇ ਗੈਰ-ਸ਼ਾਂਤਮਈ ਦੋਹਾਂ ਪੱਧਰਾਂ ਉੱਤੇ ਇੱਕ ਵਿਸ਼ਾਲ ਸਾਂਝਾ ਮੋਰਚਾ ਉਸਾਰਦੇ ਨਜ਼ਰ ਆਉਂਦੇ ਹਨ-

ਅਸਾਂ ਹਿੰਦ ਵਿਚ ਗਦਰ ਮਚੌਣਾ
ਕੱਢਣਾ ਫਰੰਗੀਏ ਨੂੰ
-0-
ਏਥੋਂ ਚੁੱਕ ਲੈ ਫਰੰਗੀਆ ਡੇਰਾ
ਖਾਲਸੇ ਨੇ ਭੰਗ ਬੀਜਣੀ
-0-
ਏਥੋਂ ਉੱਡ ਜਾਂ ਫਰੰਗੀਆ ਤੋਤਿਆ
ਕੁੜੀਆਂ ਨੇ ਪੀਂਘ ਝੂਟਣੀ
-0-
ਤੋਪਾਂ ਵਾਲੇ ਦੀ ਪੇਸ਼ ਨਾ ਚੱਲੀ
ਤਪ ਤੇਜ ਬਾਬੇ ਦਾ
-0-
ਦੇਹ ਚਰਖੇ ਨੂੰ ਗੇੜਾ
ਲੋੜ ਨਹੀਂ ਤੋਪਾਂ ਦੀ

ਪੰਜਾਬੀ ਲੋਕਗੀਤਾਂ ਵਿੱਚ ਆਜ਼ਾਦੀ ਦੀ ਲਹਿਰ ਦੇ ਦੋ ਨਾਇਕ ਸ਼ਹੀਦ ਭਗਤ ਸਿੰਘ ਤੇ ਮਹਾਤਮਾ ਗਾਂਧੀ ਇੱਕ ਦੂਜੇ ਦੇ ਸਮਾਨਅੰਤਰ ਪਰ ਸਾਂਝੇ ਰੂਪ ਵਿੱਚ ਉਘੜਦੇ ਹਨ। ਲੋਕਗੀਤਾਂ ਨੇ ਗਾਂਧੀ ਦੀ ਅਹਿੰਸਾ ਅਤੇ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਕ ਖਾੜਕੂ ਨੀਤੀ ਦੀ ਬਰਾਬਰ ਪ੍ਰਸੰਸਾ ਕੀਤੀ ਹੈ—

ਤੇਰੇ ਬੰਬਾਂ ਨੂੰ ਚੱਲਣ ਨੀ ਦੇਣਾ
ਗਾਂਧੀ ਦੇ ਚਰਖੇ ਨੇ

-0-

ਸਾਨੂੰ ਦੇ ਗਿਆ ਖੱਦਰ ਦਾ ਬਾਣਾ
ਆਪ ਗਾਂਧੀ ਕੈਦ ਹੋ ਗਿਆ

-0-

ਕੈਦਾਂ ਕੱਟੀਆਂ ਤਸੀਹੇ ਝੱਲੇ
ਹਿੰਦੀਆਂ ਦੀ ਜਿੰਦ ਬਦਲੇ

-0-

ਲਾਜ ਰੱਖ ਲਈ ਭਗਤ ਸਿੰਘ ਸੂਰੇ
ਵੈਰ ਲੈ ਕੇ ਲਾਜਪਤ ਦਾ

-0-

'ਸੈਂਬਲੀ 'ਚ ਬੰਬ ਚਲਾਇਆ
ਭਗਤ ਸਿੰਘ ਸੂਰਮੇ ਨੇ

-0-

ਤੇਰਾ ਰਾਜ ਨੀ ਫਰੰਗੀਆਂ ਰਹਿਣਾ
ਭਗਤ ਸਿੰਘ ਕੋਹ ਸੁੱਟਿਆ

-0-

ਬੰਨ੍ਹ ਦੇਣੀਆਂ ਦੇਸ਼ ਦੀਆਂ ਨੀਹਾਂ
ਲਹੂ ਸ਼ਹੀਦਾਂ ਦਾ

ਏਥੇ ਭਗਤ ਸਿੰਘ ਦੀ ਸੂਰਮਗਤੀ ਤੇ ਗਾਂਧੀ ਦੀ ਅਹਿੰਸਾ ਇੱਕੋ ਸਮੇਂ ਦੋਵੇਂ ਪ੍ਰਵਾਨ ਹਨ। ਦਰਅਸਲ ਇਹ ਵਿਚਾਰਧਾਰਕ ਸਵੈ-ਵਿਰੋਧ ਦਾ ਨਤੀਜਾ ਨਹੀਂ ਸਗੋਂ ਲੋਕਗੀਤਾਕਾਰਾਂ ਦੀ ਵਿਚਾਰਧਾਰਕ ਦਰਿਆ ਦਿਲੀ ਦਾ ਸਬੂਤ ਹੈ। ਲੋਕਗੀਤਾਂ ਵਿਚ 'ਸੌ ਫੁੱਲ ਖਿੜਨ ਦਿਉ ਸੌ ਵਿਚਾਰ ਭਿੜਨ ਦਿਉ' ਦਾ ਜਮਹੂਰੀ ਨੇਮ ਪੂਰੀ ਤਰ੍ਹਾਂ ਢੁੱਕਦਾ ਹੈ।

ਆਜ਼ਾਦੀ ਦੀ ਲਹਿਰ ਦੇ ਦੌਰਾਨ ਜਿਹੜੇ ਲੋਕਗੀਤ ਰਚੇ ਗਏ ਹਨ ਉਨ੍ਹਾਂ ਦੇ ਨਾਇਕ ਹੀ ਕੌਮੀ ਨਹੀਂ ਸਗੋਂ ਉਨ੍ਹਾਂ ਵਿੱਚ ਸਮੁੱਚੇ ਭਾਰਤ ਨੂੰ ਇੱਕ ਅਖੰਡ ਇਕਾਈ-ਹਿੰਦ-ਮੰਨਿਆ ਗਿਆ ਹੈ। ਇਨ੍ਹਾਂ ਗੀਤਾਂ ਵਿੱਚ ਪੇਸ਼ ਹੋਏ ਰਾਸ਼ਟਰੀ ਹਿਤ ਤੇ ਕੌਮੀ ਵਿਚਾਰਾਂ ਪਿੱਛੇ ਇੱਕ ਵਿਸ਼ੇਸ਼ ਪ੍ਰਕਾਰ ਦੀ ਰਾਜਸੀ ਸੂਝ ਕਾਰਜਸ਼ੀਲ ਹੈ। ਉਪਰੋਕਤ ਵਿਚਾਰ ਤੋਂ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਵਿਚਲੀ ਕੌਮੀ ਮੁਕਤੀ ਦੀ ਲਹਿਰ ਤੋਂ ਪਰੇਰਤ ਹੋ ਕੇ ਰਚੇ ਗਏ ਲੋਕਗੀਤਾਂ ਵਿਚ ਪਹਿਲੀ ਵਾਰ ਵਿਸ਼ੇਸ਼ ਭੂਗੋਲਕ ਤੇ ਰਾਜਸੀ ਹੱਦਾਂ ਵਾਲੇ ਭਾਰਤ ਵਰਸ਼ ਦੀ ਗੱਲ ਹੋਈ ਹੈ। ਹਿੰਦ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦੀ ਗੱਲ ਕਰਦਿਆਂ ਲੋਕਗੀਤਾਂ ਨੇ ਰਾਸ਼ਟਰੀ ਭਾਵਨਾ ਨੂੰ ਭਰਾਤਰੀ ਭਾਵਨਾ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇੱਥੇ ਨੋਟ ਕਰਨ ਵਾਲਾ ਤੱਥ ਇਹ ਹੈ ਕਿ ਭਾਰਤ ਦੀ ਆਜ਼ਾਦੀ ਲਈ ਲੜਨ ਵਾਲੇ ਸਾਰੇ ਲੋਕਾਂ ਲਈ ਇੱਥੇ ਸਾਂਝਾ ਸੰਬੋਧਨ 'ਹਿੰਦੀ' ਜਾਂ 'ਹਿੰਦੀਆਂ' ਵਰਤਿਆ ਗਿਆ ਹੈ।

ਪੰਜਾਬੀ ਲੋਕਗੀਤਾਂ ਦੇ ਰਾਸ਼ਟਰੀ ਏਕਤਾ ਨਾਲ ਸਬੰਧਾਂ ਨੂੰ ਉਜਾਗਰ ਕਰਨ ਵਾਲਾ ਇੱਕ ਹੋਰ ਪਹਿਲੂ ਲੋਕਗੀਤਾਂ ਦਾ ਦੇਸ਼-ਵੰਡ ਪ੍ਰਤੀ ਅਪਣਾਇਆ ਵਤੀਰਾ ਵੀ ਹੈ। ਪੰਜਾਬ ਲੋਕਗੀਤਾਂ ਵਿਚ ਦੇਸ਼ ਦੀ ਵੰਡ ਦਾ ਭਾਵੇਂ ਬਹੁਤ ਸਿੱਧਾ ਚਿਤਰਨ ਨਹੀਂ ਮਿਲਦਾ ਜਿਸ ਤਰ੍ਹਾਂ ਦਾ ਬਾਕੀ ਦੇ ਪੰਜਾਬੀ ਸਾਹਿਤ ਵਿੱਚ ਮਿਲਦਾ ਹੈ ਪਰ ਫੇਰ ਵੀ ਕਿਸੇ ਇੱਕ ਅੱਧ ਗੀਤ ਜਾਂ ਟੋਟੇ ਵਿੱਚ ਦੇਸ਼ ਵੰਡ ਦੀ ਘਟਨਾ ਇੱਕ ਭਾਵਕ ਸਦਮੇ ਦੇ ਰੂਪ ਵਿੱਚ ਉਕਰੀ ਹੋਈ ਮਿਲਦੀ ਹੈ—

ਬਾਰ ਵਿਚ ਲੈ ਚੱਲ ਵੇ
ਮੈਂ ਵੀ ਸਦਾਊਂਗੀ ਮੁਰੱਬਿਆਂ ਵਾਲੀ

-0-

ਮੌਜ ਮੁਰੱਬਿਆਂ ਦੀ
ਕੋਰੀ ਕਣਕ ਕੱਸੀ ਦਾ ਪਾਣੀ

-0-

ਏਥੇ ਰਹਿਣਗੇ ਮੁਰੱਬਿਆਂ ਵਾਲੇ
ਨਿੱਕੀ ਸੁੱਕੀ ਉੱਠ ਜਾਣਗੇ

-0-

ਤੈਨੂੰ ਹਾਏ ਨੀ ਦੁੱਲੇ ਦੀ ਬਾਰੇ
ਵਸ, ਵਸ ਉੱਜੜੇਂਗੀ

ਏਥੇ ਪਹਿਲੇ ਟੱਪੇ ਵਿੱਚ ਏਧਰਲੇ ਪੰਜਾਬੀਆ ਵੱਲੋਂ ਬਾਰ (ਪੱਛਮੀ ਪੰਜਾਬ) ਵਿੱਚ ਜਾ ਕੇ ਜ਼ਮੀਨਾਂ ਆਬਾਦ ਕਰਨ ਅਤੇ ਖੁਸ਼ਹਾਲ ਜੀਵਨ ਜਿਉਣ ਦੀ ਰੀਝ ਦਾ ਸੁਪਨਾ ਲਿਆ ਗਿਆ ਹੈ। ਕੱਸੀ ਦੇ ਪਾਣੀ ਨਾਲ ਉਸਰਦੀ ਕਣਕ ਵਿੱਚੋਂ ਇਸ ਸੁਪਨੇ ਨੂੰ ਸਾਕਾਰ ਹੁੰਦਾ ਵੇਖਿਆ ਗਿਆ ਹੈ। ਤੀਜੇ ਟੱਪੇ

ਵਿੱਚ ਲੋਕਗੀਤਕਾਰ ਇੱਕ ਇਤਿਹਾਸਕ ਟਪਲੇ ਦਾ ਸ਼ਿਕਾਰ ਹੈ। ਉਸ ਨੂੰ ਭੁਲੇਖਾ ਹੈ ਕਿ ਬਾਰ ਦੀ ਵਹਿੰਦੜ ਧਰਤੀ ਉੱਤੇ ਹੁਣ ਰੱਜੇ ਪੁੱਜੇ ਤੇ ਖੁੱਲ੍ਹੀਆਂ ਜ਼ਮੀਨਾਂ ਵਾਲੇ ਲੋਕ ਰਾਜ ਕਰਨਗੇ ਤੇ ਮਾੜੇ ਧੀੜੇ ਲੋਕ ਉੱਜੜ ਜਾਣਗੇ। ਏਥੇ 'ਨਿੱਕੀ ਸੁੱਕੀ' ਨੀਵੀਂ ਜਾਤ ਲਈ ਵੀ ਵਰਤਿਆ ਗਿਆ ਹੈ ਤੇ ਉੱਥੋਂ ਦੇ ਸਥਾਨਕ ਲੋਕਾਂ ਲਈ ਵੀ ਜਿਨ੍ਹਾਂ ਨੂੰ ਏਧਰਲੇ ਲੋਕ "ਜਾਂਗਲੀ" ਕਹਿ ਕੇ ਪੁਕਾਰਦੇ ਸਨ। ਪਰ ਵੰਡ ਵੇਲੇ ਜਦੋਂ ਭਰੇ ਭੁਕੰਨੇ ਪਰਿਵਾਰ ਤੇ ਪੈਲੀਆਂ ਛੱਡ ਕੇ ਨੱਸਣਾ ਪਿਆ ਤਾਂ 'ਦੁੱਲੇ ਦੀ ਬਾਰ' ਦੀ ਹੋਣੀ ਨੂੰ ਮੁੜ ਚਿਤਾਰ ਕੇ ਮਨ ਨੂੰ ਧਰਵਾਸ ਦੇ ਲਿਆ ਗਿਆ। ਵਸ ਵਸ ਕੇ ਉਜੜਨਾ ਭਾਵੇਂ ਇਕੱਲੀ ਦੁੱਲੇ ਦੀ ਬਾਰ ਦੀ ਹੋਣੀ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਤੇ ਪੰਜਾਬੀਆਂ ਦੀ ਹੋਣੀ ਰਹੀ ਹੈ। ਪੰਜਾਬੀਆਂ ਦੇ ਵਸਣਾ, ਉਜੜਨਾ ਤੇ ਮੁੜ ਵਸਣਾ ਦਾ ਇਤਿਹਾਸ ਪੰਜਾਬੀ ਸਭਿਆਚਾਰ ਤੇ ਇਸ ਦੀ ਭਾਵੀ ਨੂੰ ਸਮਝਣ ਲਈ ਕੇਂਦਰੀ ਸੂਤਰ ਹੈ।

ਇਕ ਹੋਰ ਟੱਪਾ ਦੇਸ਼ ਦੀ ਵੰਡ ਦੀ ਤ੍ਰਾਸਦੀ ਨੂੰ ਧਾਰਮਕ ਪਹਿਲੂ ਤੋਂ ਪੇਸ਼ ਕਰਦਾ ਹੋਇਆ ਇਸ ਘਟਨਾ ਨੂੰ ਇਤਿਹਾਸਕ ਦੁਖਾਂਤ ਦੇ ਰੂਪ ਵਿਚ ਲੈਂਦਾ ਹੈ—

-ਤੈਥੋਂ ਰੱਖਿਆ ਗਿਆ ਨਾ ਨਨਕਾਣਾ
ਡੁੱਬਦੀ ਹਿੰਦ ਰੱਖ ਲੀ
- ਉੱਚੀ ਬੈਠ ਕੇ ਗੁਰਾਂ ਨੇ ਤੀਰ ਮਾਰਿਆ
ਰੁੜ੍ਹੀ ਜਾਂਦੀ ਹਿੰਦ ਰਖ ਲਈ

ਓਪਰੀ ਨਜ਼ਰੇ ਵੇਖਿਆਂ ਇਹ ਗੀਤ ਨਨਕਾਣਾ ਸਾਹਿਬ ਦੇ ਸਾਕੇ ਨਾਲ ਸਬੰਧਤ ਜਾਪਦਾ ਹੈ ਪਰ ਇਹ ਵੰਡ ਸਮੇਂ ਨਨਕਾਣਾ ਸਾਹਿਬ ਦੀ ਧਰਤੀ ਤੋਂ ਪੰਜਾਬੀਆਂ, ਵਿਸ਼ੇਸ਼ ਕਰਕੇ ਸਿੱਖਾਂ ਦੇ ਵਿਛੁੰਨੇ ਜਾਣ ਦੀ ਮਾਨਸਕ ਪੀੜ ਨੂੰ ਅੰਕਤ ਕਰਦਾ ਹੈ। ਉਸ ਵੇਲੇ ਸਿੱਖਾਂ ਵੱਲੋਂ ਨਨਕਾਣਾ ਸਾਹਿਬ ਨੂੰ ਨਾ ਰੱਖ ਸਕਣ ਦੀ ਸਥਿਤੀ ਨੂੰ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਦੇ ਪ੍ਰਸੰਗ ਵਿੱਚ ਉਘਾੜਿਆ ਗਿਆ ਹੈ। ਲੋਕਗੀਤਕਾਰ ਨੂੰ ਇਸ ਗੱਲ ਦਾ ਝੋਰਾ ਹੈ ਕਿ ਜੇ ਸਿੱਖਾਂ ਦਾ ਗੁਰੂ ਆਪਣਾ ਬਲੀਦਾਨ ਦੇ ਕੇ ਹਿੰਦ ਨੂੰ ਰੱਖ ਸਕਿਆ ਅਰਥਾਤ ਹਿੰਦੂ ਧਰਮ ਦੀ ਰਾਖੀ ਕਰਨ ਦੇ ਸਮਰਥ ਸੀ ਤਾਂ ਉਸ ਦੇ ਵਰੋਸਾਏ ਸਿੱਖ ਅਪਣੇ ਸੀਸ ਦੇ ਕੇ ਨਨਕਾਣਾ ਸਾਹਿਬ ਦੀ ਧਰਤੀ ਨੂੰ ਵੰਡ ਹੋਣ ਤੋਂ ਕਿਉਂ ਨਾ ਬਚਾ ਸਕੇ।

ਲੋਕਗੀਤ ਅਪਣੀ ਧਰਤੀ ਨਾਲ ਸਿੱਧੇ ਰੂਪ ਵਿਚ ਜੁੜਿਆ ਹੁੰਦਾ ਹੈ ਇਨ੍ਹਾਂ ਵਿੱਚ ਵਿਸ਼ੇਸ਼ ਰਾਸ਼ਟਰ ਜਾਂ ਰਾਸ਼ਟਰੀ ਏਕਤਾ ਦੀ ਗੱਲ ਆਪੋ ਆਪਣੇ ਵਿਲੱਖਣ ਸਭਿਆਚਾਰਕ ਪ੍ਰਸੰਗਾਂ ਤੇ ਸਬੰਧਿਤ ਲੋਕ-ਸਮੂਹਾਂ ਦੇ ਪ੍ਰਸੰਗ ਵਿਚ ਹੀ ਉਘੜਦੀ ਹੈ। ਲੋਕਗੀਤਾਂ ਦਾ ਆਪਣੀ ਮਿੱਟੀ ਤੇ ਲੋਕਾਂ ਨਾਲ ਮੋਹ ਦਾ ਰਿਸ਼ਤਾ ਵਿਸਤਰਿਤ ਹੋ ਕੇ ਵਿਸ਼ੇਸ਼ ਭਾਈਚਾਰੇ ਨਾਲ ਭਾਵੁਕ ਪਧਰ ਉੱਤੇ ਜੋੜਦਾ ਹੈ। ਅਜੇਹੇ ਭਾਈਚਾਰੇ ਮਿਲ ਕੇ ਇਕ ਸਾਂਝੇ ਸਭਿਆਚਾਰ ਦਾ ਅੰਗ ਬਣਦੇ ਹਨ। ਜੇ ਲੋਕਗੀਤਾਂ ਦੇ ਸੁਭਾਅ ਦੇ ਆਧਾਰ ਤੇ ਰਾਸ਼ਟਰੀ ਚੇਤਨਾ ਦੀ ਗੱਲ ਕਹਿਣੀ ਹੋਵੇ ਤਾਂ ਅਸੀਂ ਨਿਸ਼ਚੇ ਨਾਲ ਕਹਿ ਸਕਦੇ ਹਾਂ ਕਿ ਲੋਕਗੀਤ ਭਿੰਨ-ਭਿੰਨ ਕੌਮੀਅਤ, ਸਭਿਆਚਾਰਾਂ ਤੇ ਪਰੰਪਰਾਵਾਂ ਨੂੰ ਮਿਲਾ ਕੇ ਇੱਕ ਕਰਨ ਦੀ ਜਾਂ ਕੋਲਾਜ ਬਣਾ ਦੇਣ ਦੀ ਵਕਾਲਤ ਨਹੀਂ ਕਰਦੇ ਸਗੋਂ ਇਨ੍ਹਾਂ ਵੰਨ ਸੁਵੰਨਤਾਵਾਂ ਨੂੰ ਪ੍ਰਵਾਨ ਕਰਨ ਤੇ ਪ੍ਰਫੁਲਤ ਕਰਨ ਦੇ ਮੁਦਈ ਹਨ। ਪੰਜਾਬੀ ਲੋਕਗੀਤ ਇਸ ਅਨੇਕਤਾ ਵਿੱਚ ਏਕਤਾ ਲੱਭਣ ਦੇ ਹਾਮੀ ਹਨ। ਆਜ਼ਾਦੀ ਤੇ ਸਵੈਮਾਣ ਦੀ ਰਾਖੀ ਪੰਜਾਬ ਦੇ ਲੋਕਗੀਤਕਾਰਾਂ ਦਾ ਸਦੀਆਂ ਬੱਧੀ ਮੂਲ ਸਰੋਕਾਰ ਰਿਹਾ ਹੈ।

.....................................................

## ਕਿਤਾਬ ਜਾਗਦੀ ਹੈ

ਖਰੀਦੋ-ਰੱਖੋ
ਪੜ੍ਹੋ ਨਾ ਪੜ੍ਹੋ
ਘਰ ਦੇ ਰੈਕ 'ਚ ਰੱਖੋ
ਰੱਖੋ ਤੇ ਭੁੱਲ ਜਾਓ
ਜੇ ਤੁਸੀਂ ਪੜ੍ਹ ਨਹੀਂ ਸਕਦੇ
ਯਾਦ ਰੱਖ ਨਹੀਂ ਸਕਦੇ
ਸੌਣ ਦਿਓ ਕਿਤਾਬ ਨੂੰ
ਮਹੀਨੇ ਸਾਲ ਪੀੜ੍ਹੀ ਦਰ ਪੀੜ੍ਹੀ
ਉਡੀਕ ਕਰੋ
ਜਾਗੇਗੀ ਕਿਤਾਬ
ਕਿਸੇ ਦਿਨ ਕਿਸੇ ਪਲ
ਪੜ੍ਹੇਗਾ ਕੋਈ
ਜਿਸਨੇ ਨਹੀਂ ਖਰੀਦਣੀ ਸੀ
ਇਹ ਕਿਤਾਬ

**ਸਵਰਨਜੀਤ ਸਵੀ**

.....................................................

# ਭੱਟ ਬਾਣੀ ਵਿੱਚ
# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰੂ ਉਪਮਾ



**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
94177-69103

ਸ਼ਹੀਦਾਂ ਦੇ ਸਿਰਤਾਜ, ਸਿੱਖ ਜਗਤ ਵਿੱਚ ਸ਼ਹੀਦੀ ਪ੍ਰੰਪਰਾ ਨੂੰ ਸ਼ੁਰੂ ਕਰਨ ਵਾਲੇ ਪੰਚਮ ਪਾਤਸ਼ਾਹ ਸ੍ਰੀ ਅਰਜਨ ਦੇਵ ਜੀ ਹਨ, ਜਿਨ੍ਹਾਂ ਨੂੰ ਬਿਨਾਂ ਕਿਸੇ ਦੋਸ਼ ਤੋਂ ਸਿਰਫ਼ ਸ਼ੇਖ ਅਹਿਮਦ ਸਰਹੰਦੀ ਜਿਹੇ ਕਟੜ ਸ਼ੇਖਾਂ ਤੇ ਮੁਸਲਮਾਨਾਂ ਨੇ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਜੀ ਵਿਰੁੱਧ ਭੜਕਾ ਕੇ ਨਿਰਦੋਸ਼ ਸਤਿਗੁਰੂ ਜੀ ਨੂੰ ਸ਼ਹੀਦ ਕਰਵਾ ਦਿੱਤਾ ਸੀ। ਉਹਨਾਂ ਦੇ ਸੁਲਹਕੁਲ ਧਰਮ ਪ੍ਰਚਾਰ ਭਾਵ ਕਿ ਅਕਾਲ ਪੁਰਖ ਦੀ ਅਰਾਧਨਾ ਤੇ ਜ਼ੋਰ ਦੇਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਗੁਰਦੁਆਰਾ ਰਾਮਸਰ ਸਾਹਿਬ ਦੇ ਸਥਾਨ ਤੇ ਸੰਪਾਦਨਾ ਕਰਕੇ ਫਿਰ ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਕਾਸ਼ ਕਰਨਾ ਉਹਨਾਂ ਕਟੜ ਮੌਲਾਣਿਆਂ ਨੂੰ ਚੁਭਦਾ ਸੀ।

ਪੰਚਮ ਪਾਤਸ਼ਾਹ ਜੀ ਨੇ ਹਿੰਦੋਸਤਾਨ ਵਿੱਚ ਭਾਵੇ ਉਹ ਕਿਸੇ ਜਾਤ ਜਾਂ ਫਿਰਕੇ ਦਾ ਭਗਤ ਹੋਵੇ, ਉਸਦੀ ਗੁਰਸਿਧਾਂਤ ਦੀ ਅਨੁਸਾਰੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਤ ਕੀਤਾ ਸੀ। ਗੁਰੂ ਸਾਹਿਬ ਜੀ ਦੀ ਬਾਣੀ ਅਤੇ ਮਹਾਨਤਾ ਦੀ ਕੰਨਸੋਆ ਸੁਣਕੇ ਗੁਰੂ ਦਰਬਾਰ ਵਿੱਚ ਪਹੁੰਚੇ ਸਨ। ਪਹਿਲਾਂ ਉਹ ਸੱਚਦੀ ਖੋਜ ਵਿਚ ਥਾਂ-ਥਾਂ ਭਟਕਦੇ ਰਹੇ ਅਤੇ ਕਈ ਨਗਰਾਂ ਵਿੱਚ ਘੁੰਮੇ ਸਨ ਅਤੇ ਲਗਭਗ ਇੱਕ ਸਾਲ ਤੱਕ ਘੁੰਮਦੇ ਰਹੇ। ਇਸ ਬਾਰੇ ਭੱਟ ਭਿੱਖਾ ਜੀ ਇਸ ਪ੍ਰਕਾਰ ਕਿਰਪਾ ਕਰਦੇ ਹਨ-

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨਾ ਆਯਉ॥
ਪੰਨਾ 1395-96

ਜਦੋਂ ਭੱਟ ਸਾਹਿਬਾਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ ਸ਼ਰਨ ਵਿੱਚ ਆ ਗਏ ਤਾਂ ਉਹਨਾਂ ਦੀ ਮਨ ਦੀ ਭਟਕਣਾ ਖਤਮ ਹੋ ਗਈ, ਗੁਰੂ ਜੀ ਅਤੇ ਸੰਗਤ ਦੇ ਦਰਸ਼ਨ ਕਰਕੇ ਨਿਹਾਲ ਹੋ ਗਏ ਅਤੇ ਗੁਰੂ ਉਪਮਾ ਵਿਚ ਪੁਕਾਰ ਉਠੇ-

ਜਬ ਲਉ ਨਹੀ ਭਾਗ ਲਿਲਾਰ ਉਦੈ
ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥
ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ
ਮਿਟਿ ਹੈ ਨਹੀ ਰੇ ਪਛਤਾਯਉ॥
ਤਤੁ ਬਿਚਾਰੁ ਯਹੈ ਮਥੁਰਾ
ਜਗ ਤਾਰਨ ਕਉ ਅਵਤਾਰੁ ਬਨਾਯਉ॥
ਜਪਉ ਜਿਨ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ॥
ਪੰਨਾ 1409

ਭੱਟ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਚਮ ਪਾਤਸ਼ਾਹ ਜੀ ਤੱਕ ਗੁਰੂ ਸਾਹਿਬਾਨ ਦੀ ਉਪਮਾ ਬਾਣੀ ਰਚਕੇ ਕੀਤੀ ਹੈ ਅਤੇ ਸਾਰੇ ਗੁਰੂ ਸਾਹਿਬਾਨ ਨੂੰ ਗੁਰੂ ਨਾਨਕ ਦੇਵ ਜੀ ਦੀ ਜੋਤ ਹੀ ਦੱਸਿਆ ਹੈ ਜੋ ਸਮੇਂ-ਸਮੇਂ ਦੇਹ ਪਲਟ ਕੇ ਨਵੀਂ ਮੂਰਤ ਵਿਚ ਸਿੱਖ ਸੰਗਤਾਂ ਨੂੰ ਦਰਸ਼ਨ ਦੇਂਦੇ ਰਹੇ ਅਤੇ ਸਿੱਖਾਂ ਦਾ ਉਧਾਰ ਕਰਦੇ ਰਹੇ। ਭੱਟ ਮਥਰਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਧਿਆਤਮਕ ਬੰਸਾਵਲੀ ਦਾ ਜ਼ਿਕਰ ਇਸ ਪ੍ਰਕਾਰ ਕਰਦੇ ਹਨ-

ਜੋਤਿ ਰੂਪਿ ਹਰਿ ਆਪਿ
ਗੁਰੂ ਨਾਨਕ ਕਹਾਯਉ॥
ਤਾ ਤੇ ਅੰਗਦੁ ਭਯਉ
ਤਤ ਸਿਉ ਤਤੁ ਮਿਲਾਯਉ॥
ਅਮਰਦਾਸਿ ਅਮਰਤੁ ਛਤ੍ਰੁ

ਗੁਰ ਰਾਮਹਿ ਦੀਅਉ॥
ਗੁਰ ਰਾਮਦਾਸ ਦਰਸਨੁ ਪਰਸਿ
ਕਹਿ ਮਥੁਰਾ ਅੰਮ੍ਰਿਤ ਬਯਣ॥
ਮੂਰਤਿ ਪੰਚ ਪ੍ਰਮਾਣ ਪੁਰਖੁ
ਗੁਰੁ ਅਰਜੁਨੁ ਪਿਖਹੁ ਨਯਣ॥

ਭੱਟ ਮਥਰਾ ਜੀ ਗੁਰਦੇਵ ਜੀ ਦੀ ਸਖਸ਼ੀਅਤ ਤੋਂ ਬਹੁਤ ਪ੍ਰਭਾਵਤ ਹਨ, ਉਹ ਕਹਿੰਦੇ ਹਨ ਕਿ ਗੁਰੂ ਜੀ ਨੇ ਸੱਚ ਦੇ ਸਰੂਪ ਪਰਮਾਤਮਾ ਦਾ ਸੱਚਾ ਨਾਮ, ਸਚਾਈ ਤੇ ਸੰਤੁਸ਼ਟਤਾ ਦੇ ਸਦਗੁਣ ਆਪਣੇ ਹਿਰਦੇ ਅੰਦਰ ਵਸਾਏ ਹੋਏ ਹਨ। ਉਹਨਾਂ ਵਿਚ ਪ੍ਰਭੂ ਦੀ ਪਾਵਨ ਜੋਤਿ ਪ੍ਰਤੱਖ ਤੌਰ ਤੇ ਜਗਮਗ ਕਰ ਰਹੀ ਹੈ। ਉਹ ਪਾਰਸ ਗੁਰੂ ਨੂੰ ਛੋਹਕੇ ਪਰਸਣ ਯੋਗ ਗੁਰੂ ਨੂੰ ਮਿਲਕੇ ਗੁਰੂ ਤੋਂ ਗੁਰੂ ਅਖਵਾਏ ਹਨ। ਉਹ ਕਲਿਜੁਗ ਵਿਚ ਮਾਨੋ ਜਹਾਜ਼ ਹਨ ਜਿਸ ਦੁਆਰਾ ਸੰਸਾਰ ਸਾਗਰ ਤੋਂ ਸਫਲਤਾ ਸਹਿਤ ਪਾਰ ਹੋ ਜਾਓ ਜਿਵੇਂ ਕਿ–

ਸਤਿ ਰੂਪੁ ਸਤਿਨਾਮੁ ਸਤੁ
ਸੰਤੋਖੁ ਧਰਿਓ ਉਰਿ॥
ਆਦਿ ਪੁਰਖਿ ਪਰਤਖਿ ਲਿਖ੍ਯਉ
ਅਛਰੁ ਮਸਤਕਿ ਧੁਰਿ॥
ਪ੍ਰਗਟ ਜੋਤਿ ਜਗਮਗੈ
ਤੇਜੁ ਭੂਅ ਮੰਡਲਿ ਛਾਯਉ॥
ਪਾਰਸੁ ਪਰਸਿ ਪਰਸੁ ਪਰਸਿ
ਗੁਰਿ ਗੁਰੂ ਕਹਾਯਉ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ
ਚਿਤੁ ਸਨਮੁਖ ਰਹਹੁ॥
ਕਲਜੁਗਿ ਜਹਾਜੁ ਅਰਜੁਨੁ ਗੁਰੂ
ਸਗਲ ਸ੍ਰਿਸਟਿ ਲਗ ਬਿਤਰਹੁ॥

ਪੰਨਾ 1408

ਭੱਟ ਹਰਬੰਸ ਜੀ ਦੇ ਵਿਚਾਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਵਿਸ਼ਵ ਵਿਆਪੀ ਅਤੇ ਸਰਬ ਵਿਆਪੀ ਹੈ–

ਛਤ੍ਰੁ ਸਿੰਘਾਸਨੁ ਪਿਰਥਮੀ
ਗੁਰ ਅਰਜਨੁ ਕਉ ਦੇ ਆਇਅਉ॥

ਭੱਟ ਮਥੁਰਾ ਜੀ ਗੁਰੂ ਜੀ ਦੀ ਉਪਮਾ ਕਰਦੇ ਹੋਏ ਕਹਿੰਦੇ ਹਨ ਕਿ ਜੋ ਕੋਈ ਗੁਰੂ ਜੀ ਤੇ ਸ਼ਰਧਾ ਰਖਦਾ ਹੈ ਉਹ ਆਵਾਗਾਉਣ ਦੇ ਚੱਕਰ ਵਿੱਚ ਮੁਕਤ ਹੋ ਜਾਂਦਾ ਹੈ–

ਜਪ੍ਯਉ ਜਿਨ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ॥

ਭੱਟ ਮਥੁਰਾ ਜੀ ਗੁਰੂ ਅਰਜਨ ਦੇਵ ਜੀ ਅਤੇ ਅਕਾਲ ਪੁਰਖ ਵਿੱਚ ਭੇਟ ਨਹੀਂ ਸਮਝਦੇ। ਉਹ ਉਹਨਾਂ ਨੂੰ ਅਕਾਲ ਪੁਰਖ ਹੀ ਮੰਨਦੇ ਹਨ–

ਭਨਿ ਮਥੁਰਾ ਕਛੁ ਭੇਦ ਨਹੀ
ਗੁਰੁ ਅਰਜੁਨੁ ਪਰਤਖ੍ਯ ਹਰਿ॥

ਭੱਟ ਕਲ੍ਯ ਜੀ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੱਸ ਸਾਰੇ ਸੰਸਾਰ ਵਿੱਚ ਫੈਲ ਚੁਕਿਆ ਹੈ–

ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ
ਭਾਗੁ ਜੁਗਤਿ ਸਿਵ ਰਹਤਾ॥

ਭੱਟ ਹਰਿਬੰਸ ਜੀ ਅਨੁਸਾਰ ਗੁਰੂ ਜੀ ਦੇ ਸੀਸ ਉਤੇ ਪਰਮੇਸ਼ਰ ਨੇ ਆਪ 'ਛਤਰ' ਝੁਲਾਇਆ ਹੈ–

– ਗੁਰ ਅਰਜੁਨ ਸਿਰਿ ਛਤ੍ਰੁ
ਆਪਿ ਪਰਮੇਸਰਿ ਦੀਅਉ॥
– ਰਾਮਦਾਸਿ ਗੁਰੂ ਜਗ ਤਾਰਨ ਕਉ
ਗੁਰ ਜੋਤਿ ਅਰਜੁਨ ਮਾਹਿਧਰੀ॥

ਭੱਟ ਸਹਿਬਾਨ ਨੇ ਗੁਰੂ ਜੀ ਨੂੰ 'ਬੋਹਿਥਾ' ਅਤੇ 'ਜਹਾਜ' ਨਾਲ ਉਪਮਾ ਦਿੱਤੀ ਹੈ ਜੋ ਸਮੁੱਚੀ ਲੋਕਾਈ ਨੂੰ ਜਗਤ ਰੂਪੀ ਸਾਗਰ ਵਿਚੋ ਤਾਰਨ ਦਾ ਕਾਰਜ ਕਰਦੇ ਹਨ–

– ਭਵਜਲੁ ਸਾਇਰ ਸੇਤੁ ਨਾਮੁ ਹਰੀ ਕਾ ਬੋਹਿਥਾ॥
– ਕਲਜੁਗਿ ਜਹਾਜੁ ਅਰਜੁਨ ਗੁਰੂ
ਸਗਲ ਸ੍ਰਿਸਟਿ ਲਗਿ ਬਿਤਰਹੁ॥

ਭੱਟ ਸਾਹਿਬਾਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਾਖਿਸ਼ਾਤ ਅਕਾਲ ਪੁਰਖ 'ਪੁਰਖ ਪ੍ਰਮਾਣੂ' ਮੰਨਦੇ ਹਨ ਜਿਨ੍ਹਾਂ ਨੇ ਬਚਪਨ ਤੋਂ ਹੀ ਅਕਾਲ ਪੁਰਖ ਨਾਲ ਸਾਂਝ ਪਾ ਲਈ ਸੀ। ਉਹ ਗੁਰ ਵਿਅਕਤੀ ਦੇ ਰੂਪ ਵਿੱਚ ਭਵ ਭੰਜਨ, ਬਿਮਲ ਬੁਧਿ ਦੇ ਮਾਲਕ, ਬਾਣੀ ਦੇ ਬੋਹਿਥਾ, ਸਹਿਜ ਅਵਸਥਾ ਵਿੱਚ ਵਿਚਰਨ ਵਾਲੇ, ਅਜਰ ਅਵਸਥਾ ਨੂੰ ਜਰਨ ਵਾਲੇ, ਦੀਨ ਦਿਆਲ, ਸਤਿ ਸੰਤੋਖ ਅਤੇ ਧੀਰਜ ਦੇ ਧਾਰਨੀ ਹਨ ਅਤੇ ਸਭ ਤੋਂ ਵੱਧ ਸ਼ਹੀਦਾਂ ਦੇ ਸਿਰਤਾਜ ਹਨ। ਉਹਨਾਂ ਨੇ ਸਮੁੱਚੀ ਮਾਨਵਤਾ ਦੇ ਭਲੇ ਅਤੇ ਕਲਿਆਣ ਹੇਤੂ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਅਤੇ ਸਾਰੇ ਗੁਰੂ ਸਾਹਿਬਾਨ ਦੀ ਸਮੁੱਚੀ ਬਾਣੀ ਅਤੇ ਨਾਲ ਹੀ ਭਗਤਾਂ ਦੀ ਬਾਣੀ ਅਤੇ ਭੱਟਾ ਦੀ ਸਮੁੱਚੀ ਬਾਣੀ ਦੀ ਸੰਪਾਦਨਾ ਕਰਕੇ ਉਹਨਾਂ ਦੀ ਬਾਣੀ ਦਾ ਪ੍ਰਮਾਣੀਕ ਸਰੂਪ ਸਦਾ ਲਈ ਸੰਭਾਲ ਲਿਆ ਹੈ। ਇਹ ਗੁਰੂ ਜੀ ਦੀ ਜਗਤ ਦੇ ਕਲਿਆਣ ਹਿੱਤ ਵੱਡਮੁੱਲੀ ਦੇਣ ਹੈ।

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**28 ਮਈ 1987, ਵੀਰਵਾਰ**
**ਨਾਮਧਾਰੀ ਫਾਰਮ (ਬੈਂਗਲੌਰ)**

ਥੋੜਾ ਕੁ ਹੀ ਚਲਿਆਂ ਸਾਡੇ ਖੱਬੇ ਹੱਥ ਵਾਲੇ ਰਸਤੇ ਨਾਲ ਉਸ ਵਿਸ਼ਾਲ ਟੈਂਕ ਦਾ ਬੂਹਾ ਆ ਜਾਂਦਾ ਹੈ ਜਿਸਦਾ ਪਾਣੀ ਸਾਰਾ ਸਾਲ ਫਾਰਮ ਦੇ ਕੰਮ ਆਉਂਦਾ ਹੈ, ਅਸੀਂ ਇਸ ਤਾਲਾਬ ਦੇ ਸੈਂਟਰ ਜੇਹੇ ਦੇ ਨਾਲੋਂ ਸੱਜੇ ਨੂੰ ਮੁੜ ਜਾਂਦੇ ਹਾਂ। ਪਹਿਲਾਂ ਜਿਥੇ ਖੱਬੇ ਹੱਥ ਜੰਗਲ ਦੇ ਰੁਖ ਬਿਰਖ ਸਨ, ਹੁਣ ਓਥੇ ਵੀ ਦੋ ਸਾਲੇ ਨਾਰੀਅਲ ਬੂਟੇ ਲੱਗ ਗਏ ਹਨ। ਇਸ ਮੋੜ ਨੂੰ ਕੱਟਿਆਂ ਥੋੜਾ ਅੱਗੇ ਜਾਕੇ ਇਕ ਛੋਟਾ ਉੱਚੇ ਕੰਢਿਆ ਤੇ ਆਇਤਾਕਾਰ ਆਕਾਰ ਵਾਲਾ ਮਵੈਸ਼ੀਆਂ ਦੀ ਲੋੜ ਲਈ ਝੱਪਰ ਹੈ। ਹੁਣ ਸਾਡੇ ਸੱਜੇ ਨਾਰੀਅਲ ਅਤੇ ਖੱਬੇ 4 ਏਕੜ ਕੇਲਿਆਂ ਦੇ ਖੇਤ ਹੋ ਗਏ ਹਨ। ਏਸੇ ਰਾਹ ਤੇ ਕੁਛ ਸੇਉ ਬੇਰੀਆਂ ਅਤੇ ਭਿੰਨ ਦਰਖਤ ਇਮਲੀ ਦੇ ਘਣ ਪੱਤੇ ਹਨ ਜੋ ਸਤਿਗੁਰੂ ਜੀ ਨੇ ਬੈਂਕੌਕ ਤੋਂ ਲਿਆਂਦੇ ਹੋਏ ਸਨ। ਫਾਰਮ ਹਾਊਸ ਦੇ ਕੋਲ ਜਾਂਦਿਆਂ ਸਾਡੇ ਖੱਬੇ ਵਿਹਲੀ ਜਗ੍ਹਾ ਖੇਡਣ ਮੱਲ੍ਹਣ ਲਈ ਤੇ ਸੱਜੇ ਨਾਰੀਅਲ ਖੇਤ ਜ਼ਰੂਰ ਪੈਂਦੇ ਹਨ।

ਲੋਹੇ ਦੀ ਦੀਵਾਰਾਂ ਤੇ ਢਾਲਵੀਆਂ ਲੋਹੇ ਦੀਆਂ ਛਤਾਂ ਵਾਲਾ ਇੱਕ ਸਟੋਰ ਰੂਮ ਇਸਦੇ ਸਾਹਵੇਂ ਪਰ ਰਾਹ ਛੱਡ ਕੇ ਇੱਕ ਛੋਹੜ ਹੈ ਜੋ ਆਟਾ ਪੀਹਣ ਦੀ ਚੱਕੀ, ਪੱਠੇ ਕੁਰਤਨ ਦੀ ਮਸ਼ੀਨ, ਕੁਝ ਸਿੰਘਾਂ ਲਈ ਰਿਹਾਇਸ਼ ਦੇ ਕਮਰੇ ਤੇ ਬਛੜੂਆਂ ਕਟੜੂਆਂ ਲਈ ਵਰਾਂਡਾ ਰੱਖਦੀ ਹੈ। ਲੋਹੇ ਦੇ ਲੰਬੇ ਕਮਰੇ ਦੇ ਸਾਹਵੇਂ ਸੱਜੇ ਹੱਥ ਫਾਰਮ ਹਾਊਸ ਦੀ ਮੁੱਖ ਬਿਲਡਿੰਗ ਹੈ। ਜਿਸ ਤੇ ਤਿੰਨ ਚੁਬਾਰੇ ਹਨ ਤੇ ਹੇਠਾਂ 8 ਕੁ ਸੁਆਹਰੇ ਕਮਰੇ ਹਨ। ਜਿਨ੍ਹਾਂ ਵਿੱਚ ਇੱਕ ਦੀਵਾਨ ਸਥਾਨ ਜਾਂ ਸਟੋਰ ਅਤੇ ਇੱਕ ਵਿੱਚ ਲੰਗਰ ਅਤੇ ਹੋਰ ਇੱਕ ਵਿੱਚ ਨਿਰੰਤਰ ਭਜਨ ਵਰਨੀ ਚਲਦੀ ਹੈ।

ਵੱਡੇ ਕਮਰੇ ਵਿੱਚ ਸਵੇਰੇ 4:30 ਤੋਂ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ ਜਿਸਦੇ ਮੁਖੀ ਦੋ ਹਨ ਪਹਿਲੇ ਸੰਤ ਪੂਰਨ ਸਿੰਘ ਸੰਤ ਨਗਰ ਦੂਜੇ ਸੁਖਦੇਵ ਸੁਆਮੀ (ਸੈਣੀ) ਜੀਵਨ ਨਗਰ ਵਾਲੇ। ਇਹ ਕੀਰਤਨ ਸੁਣਨ ਵਾਸਤੇ ਕੋਠੀ ਵਾਲੇ ਤੇ ਏਥੋਂ ਦੇ ਕਰਿੰਦੇ ਏਥੇ ਜੁੜਦੇ ਹਨ। ਸ਼ਾਮ ਨੂੰ 6:30 ਤੋਂ 7 ਤੱਕ 'ਜਸ ਜੀਵਨ' ਪੁਸਤਕ ਦੀ ਕਥਾ ਅਤੇ 7 ਤੋਂ 8 ਤੱਕ ਨਾਮ ਸਿਮਰਨ ਹੁੰਦਾ ਹੈ।

ਫਾਰਮ ਵਿਚ ਕੰਮ ਕਰਨ ਵਾਲਿਆਂ ਦਾ ਪ੍ਰਮੁੱਖ ਗੁਰੂ ਘਰ ਦੇ ਸਵਰਗਵਾਸੀ ਵੈਦ ਸੰਤ ਬਘੇਲ ਸਿੰਘ ਦਾ ਲੜਕਾ ਅਤਰ ਸਿੰਘ ਹੈ। ਅਤਰ ਸਿੰਘ ਨੇ 10 ਵੀਂ ਕਲਾਸ ਪੜ੍ਹੀ ਹੋਈ ਹੈ ਪਰ ਫਾਰਮਿੰਗ ਦੇ ਕੰਮ ਵਿੱਚ ਏਨਾ ਸਿੱਧ ਹਸਤ ਹੈ ਕਿ ਉਹ ਭਰਪੂਰ ਰੁਚੀ ਨਾਲ ਕਾਰਜ ਸਮਝਦਾ ਤੇ ਉਸਨੂੰ ਮਾਲੀਆਂ ਤੇ ਦੂਜੇ ਸੇਵਕਾਂ ਤੋਂ ਪਰਵਾਨ ਚੜ੍ਹਾਂਦਾ ਹੈ। ਇਸ ਨਾਲ ਗੱਲ ਕਰੀਏ ਤਾਂ ਉਹ ਕਿਸੇ ਹਰਟੀ ਕਲਚਰ ਇਨਸਪੈਕਟਰ ਨਾਲੋਂ ਵੀ ਜਿਆਦਾ ਸਮਝਦਾਰ ਤੇ ਗਹਿਰਾ ਪੈਣ ਦੇ ਕਾਰਜ ਸਾਧਨ ਵਾਲਾ ਮਾਲੂਮ ਹੁੰਦਾ ਹੈ। ਸਬਜ਼ੀਆਂ, ਅਮਰੀਕਾ ਆਦਿ ਦੇਸ਼ਾਂ ਨੂੰ ਭੇਜਣ ਵਾਲੇ ਫੁੱਲ-ਬੀਜ, ਨਾਰੀਅਲ, ਕੇਲੇ, ਅੰਬ ਚੀਕੂ ਤੋਂ ਲੈ ਅੰਗੂਰ ਦੀ ਖੇਤੀ ਦੇ ਉਹ ਸਾਰੇ ਭੇਤ ਜਾਣਦਾ ਤੇ ਅੰਗਰੇਜ਼ੀ ਦੀਆਂ ਫਰਮਾਂ ਵਰਤਦਾ ਤੁਹਾਡੇ ਨਾਲ ਗੱਲ ਕਰਦਾ ਹੈ। ਠਾਕੁਰ ਉਦੇ ਸਿੰਘ ਜੀ ਦਾ ਇਹ ਖੱਬਾ ਖੰਭ ਹੈ ਪਰ ਏਥੇ ਖੱਬੇ ਸਜੇ ਦਾ ਕੋਈ ਅੰਤਰ ਨਹੀਂ।

ਮੈਂ ਸੂਹੀਆ ਵਿਭਾਗ ਵਾਲਿਆਂ ਵਾਂਗ ਏਥੇ ਰਹਿਣ ਵਾਲਿਆਂ ਨੂੰ ਪੁੱਛਿਆ ਹੈ ਕੋਈ ਵੀ ਅਸੰਤੁਸ਼ਟ ਨਹੀਂ। ਕਿਸੇ ਨੂੰ ਵੀ ਕਾਰਜ ਲਈ ਭਾਲਨਾ ਨਹੀਂ ਪੈਂਦਾ। ਹਰ ਕੋਈ ਆਪਣੀ ਡਿਊਟੀ ਵਜਾਣ ਲਈ ਤਤਪਰ ਰਹਿੰਦਾ ਹੈ। ਠਾਕੁਰ ਉਦੈ ਸਿੰਘ ਜੀ ਦੀ ਸਿੰਘਾਂ ਸਿੰਘਣੀਆਂ ਵੱਲ ਪਹੁੰਚ ਏਨੀ ਉਦਾਰ ਤੇ ਮਿਲਣਸਾਰ ਹੈ ਕਿ ਫਾਰਮ ਨੂੰ ਹਰ ਕੋਈ ਆਪਣਾ-ਆਪਣਾ ਸਮਝਦਾ ਹੈ। ਆਓ ਜਰਾ ਏਸ ਫਾਰਮ ਹਾਊਸ ਵਿਚ ਰਹਿਣ ਵਾਲਿਆਂ ਬਾਰੇ ਜਾਣ ਲਈਏ-

1. ਸ੍ਰੀ ਅਤਰ ਸਿੰਘ ਖੂਹ ਅੰਬਰਸਰੀਆਂ (ਸਰਸਾ) - ਹਰਟੀਕਲਚਰ
2. ਸੁਖਦੇਵ ਸਿੰਘ - ਡੰਪਰ ਟ੍ਰੱਕ ਤੇ ਟ੍ਰੈਕਟਰ ਡਰਾਈਵਰ
3. ਰਾਜ ਕੌਰ - 1 ਲੜਕਾ 1 ਲੜਕੀ
4. ਹਰਦੇਵ ਸਿੰਘ ਖਾਰਾ ਸੰਤ ਨਗਰ
5. ਰਤਨ ਕੌਰ - 2 ਲੜਕੀਆਂ
6. ਮੇਜਰ ਸਿੰਘ ਸੁਪੁਤ੍ਰ ਕਿਸ਼ਨ ਸਿੰਘ ਬੀੜ - ਖੇਤੀਬਾੜੀ
7. ਗੋਗੀ
8. ਜਸਵੰਤ ਸਿੰਘ 'ਸੂਬਾ' ਅੰਮ੍ਰਿਤਸਰ ਕਲਾਂ - ਅੰਬਾ ਦੀ ਸੇਵਾ ਸੰਭਾਲ
9. ਮਨਜੀਤ ਕੌਰ - 1 ਲੜਕਾ 1 ਲੜਕੀ
10. ਹਰਭਜਨ ਸਿੰਘ ਸੰਤ ਨਗਰ ਪੋਤਰਾ ਨਿਰੰਗ ਦਿਆਲ ਸਿੰਘ - ਵਾਹੀ ਜੋਤੀ
11. ਜੁਗਿੰਦਰ ਕੌਰ
12. ਮੁਖਤਿਆਰ ਸਿੰਘ ਭੈਣੀ ਸਾਹਿਬ - ਖੇਤੀ ਕਾਰਜ
13. ਰਣਜੀਤ ਕੌਰ - 2 ਲੜਕੇ (ਇਹ ਜੋੜਾ ਕੱਲ ਆਵੇਗਾ)
14. ਰਵੇਲ ਸਿੰਘ ਖਾਪੜ ਖੇੜੀ - ਲਾਂਗਰੀ
15. ਮਨਜੀਤ ਕੌਰ ਬੰਗਾਲਣ
16. ਨਿਹੰਗ ਦਿਆਲ ਸਿੰਘ ਸੰਤ ਨਗਰ ਲਾਂਗਰੀ
17. ਹਰਜਿੰਦਰ ਸਿੰਘ ਸੰਤ ਨੰਗਰ, ਖੇਤੀ ਕਾਰਜ
18. ਸੰਤ ਗੁਰਬਚਨ ਸਿੰਘ ਸੋਧੀ, ਖੇਤਾਂ ਦਾ ਰਾਖਾ
19. ਪ੍ਰੀਤਮ ਸਿੰਘ ਧਿਆਨਪੁਰ (ਅੰ:ਜ:) ਮਝਾਂ ਦਾ ਚਰਵਾਹ
20. ਸਾਧੂ ਸਿੰਘ - ਗਊਆਂ ਦੀ ਸੇਵਾ ਸੰਭਾਲ

ਫਾਰਮ ਵਿਚ ਇਸ ਵੇਲੇ 23 ਮੱਝਾਂ ਕੱਟੀਆਂ ਹਨ ਜਿਨ੍ਹਾਂ ਵਿਚੋਂ ਕੋਈ ਵੀ ਲਵੇਰੀ ਨਹੀਂ।

17 ਗਊਆਂ ਅਤੇ 7 ਵਛੀਆਂ ਹਨ। ਇਹ ਕੁੱਲ ਮਿਲਾਕੇ ਰੋਜਾਨਾ ਲੱਗਭਗ 80 ਕਿਲੋ ਦੁੱਧ ਦਿੰਦੀਆਂ ਹਨ ਜੋ ਸਾਧ ਸੰਗਤ ਅਤੇ ਲੰਗਰ ਦੀ ਵਰਤੋਂ ਵਿਚ ਆਉਂਦਾ ਹੈ।

21. ਸਰਵਣ ਕੁਮਾਰ ਸਿੰਘ ਬਿਹਾਰੀਆ - ਵਾਹੀ ਜੋਤੀ ਦਾ ਕੰਮ
22. ਸੰਤ ਪੂਰਨ ਸਿੰਘ ਸੰਤ ਨਗਰ - ਆਸਾ ਦੀ ਵਾਰ
23. ਸੁਖਦੇਵ ਸੁਆਮੀ ਜੀ - ਆਸਾ ਦੀ ਵਾਰ

ਅੱਜ ਕਲ ਵਿਚ ਹੇਠ ਲਿਖੇ ਸਰੀਰ ਵਰਨੀਆਂ ਵਿਚ ਡਿਊਟੀ ਦੇਣ ਲਈ ਆਏ ਹੋਏ ਹਨ ਤੇ ਇਹ ਸਾਰੇ ਹੀ ਦਿੱਲੀ ਦੇ ਹਨ-

24. ਸੰਤ ਨਰੈਣ ਸਿੰਘ ਕਲਸੀ ਸਾਹਿਬਪੁਰਾ ਦਿਲੀ
25. ਸੰਤ ਹਰਬੰਸ ਸਿੰਘ ਰਮੇਸ਼ ਨਗਰ ਦਿੱਲੀ
26. ਸੰਤ ਸਾਧਾ ਸਿੰਘ ਸਾਹਿਬਪੁਰਾ ਦਿੱਲੀ
27. ਸੰਤ ਸੇਵਾ ਸਿੰਘ ਸਾਹਿਬਪੁਰਾ ਦਿੱਲੀ

ਕੁੱਲ 11+27 = 38+11 ਬੱਚੇ = 49

ਅੱਜਕੱਲ੍ਹ ਬਾਗਬਾਨੀ ਥੱਲੇ ਮਰੱਬਾ ਹੇਠ ਲਿਖੇ ਅਨੁਸਾਰ ਹੈ-

1. ਅੰਬ ਹਰ ਪਰਕਾਰ ਦੇ 35+7= 42 ਏਕੜ
2. ਨਾਰੀਅਲ ਅਗਲੇ ਪਿਛਲੇ 25 ਏਕੜ
3. ਅੰਗੂਰ ਦੀਆਂ ਕਈ ਕਿਸਮਾਂ 5.50 ਏਕੜ
4. ਖੇਲਾ 4 ਏਕੜ
5. ਚਿਕੂ 2 ਏਕੜ
6. ਖਰਬੂਜੇ 1 ਚੌਥੀ ਏਕੜ
7. ਸਬਜ਼ੀ ਹੋਰ
8. ਗੰਨਾ (ਕਮਾਦ) 4 ਏਕੜ

5:30 ਅਸੀਂ ਅਤਰ ਸਿੰਘ ਅਤੇ ਮੈਂ ਅੰਗੂਰਾਂ ਨਾਲ ਲਗਦੇ ਨਾਰੀਅਲ ਦੇ ਖੇਤ ਕੋਲ ਆਕੇ ਰੁੱਕੇ। ਇਕ ਕਾਰ ਵਿਚੋਂ ਠਾਕੁਰ ਉਦੇ ਸਿੰਘ ਜੀ ਅਤੇ ਸੰਤ ਜਗਤਾਰ ਸਿੰਘ ਜੀ ਉਤਰੇ। ਕੁਝ ਬੈਂਕ ਵਾਲੇ ਸਨ ਜਿਨ੍ਹਾਂ ਨੂੰ ਮਾਟਾਡੋਰ ਵੀ ਏਧਰ ਉਧਰ ਘੁਮਾਕੇ ਹਰਪਾਲ ਸਿੰਘ ਨੇ ਫਾਰਮ ਵਖਾਇਆ।

ਮਾਤਾ ਜੀ, ਠਾਕੁਰ ਜੀ, ਸੰਤ ਜਗਤਾਰ ਸਿੰਘ ਜੀ ਤੇ ਬੀਬਾ ਜੀ ਨੂੰ ਸਮੇਤ ਗੁੱਡੀ ਅੱਜ ਕਿਸੇ ਤਰ੍ਹਾਂ, ਜਹਾਜ਼ ਵਿਹਸੀਟਾਂ ਮਿਲ ਗਈਆਂ।

## 29 ਮਈ 1987 ਸ਼ੁਕਰਵਾਰ
## ਨਾਮਧਾਰੀ ਫਾਰਮ (ਬੈਂਗਲੋਰ)

ਮਹਾਰਾਜ ਜੀ, ਬੇਬੇ ਜੀ ਤੇ ਬੀਬੀ ਗੁਰਸ਼ਰਨ ਕੌਰ ਜੀ ਨੇ ਮੇਰੀ ਸਿਹਤ ਸੰਭਾਲ ਅਤੇ ਹਰ ਪ੍ਰਕਾਰ ਦੀਆਂ ਲੋੜਾਂ ਦਾ ਧਿਆਨ ਰੱਖਿਆ ਹੈ। ਮਹਾਰਾਜ ਜੀ ਜੁੱਸਿਓਂ ਭਾਵੇਂ ਕਾਫੀ ਕਮਜ਼ੋਰ ਲਗਦੇ ਹਨ ਪਰ ਉਹਨਾਂ ਦੀ ਸਿਹਤ ਅੱਜਕਲ੍ਹ ਅਰੋਗ ਹੈ। ਫਾਰਮ ਦੇ ਕੰਮਾਂ ਵਿਚ ਉਹ ਦਿਲਚਸਪੀ ਨਹੀਂ ਲੈਂਦੇ, ਆਪਣੀ ਸਿਹਤ ਸੰਭਾਲ ਤੇ ਫੇਰਾ ਤੋਰੀ ਦਾ ਹੀ ਖਿਆਲ ਰੱਖਿਆ ਜਾਂਦਾ ਹੈ।

ਇਹ 4 ਵਜੇ ਲਉਢੇ ਵੇਲੇ ਬੈਂਗਲੋਰ ਆਣ ਉਤਰੇ। ਮਹਾਰਾਜ ਜੀ ਤੇ ਸੰਤ ਬਲਵੰਤ ਸਿੰਘ ਪਹਿਲਾਂ ਹੀ ਬੈਂਗਲੌਰ ਸਨ, ਮਾਟਾਡੋਰ ਪਹਿਲਾਂ ਹੀ ਠੀਕ ਹੋਣ ਗਈ ਓਥੇ ਸੀ, ਜੋ ਫਾਰਮ ਤੇ ਆਉਣ ਲਈ ਵਿਸ਼ੇਸ਼ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ।

ਮੈਂ ਜਗਤਾਰ ਸਿੰਘ ਜੀ ਨੂੰ ਸਤਿਗੁਰੂ ਜੀ ਦੇ ਪ੍ਰੋਗਰਾਮ ਬਾਰੇ ਪੁੱਛਿਆ, ਉਨ੍ਹਾਂ ਦੱਸਿਆ: ਸੱਚੇ ਪਾਤਸ਼ਾਹ ਜੀ 26 ਮਈ ਨੂੰ ਬੈਂਕੋਕ ਸੁਰਿੰਦਰ ਸਿੰਘ ਮਨਚੰਦਾ ਦੀ ਕਾਰ ਵਿਚ ਚਰਨ ਪਾਉਣ ਪਧਾਰੇ ਸਨ। 27-5-87 ਨੂੰ ਆਪ ਜੀ ਕਲਕੱਤੇ ਆ ਗਏ ਬੀਬੀ ਜਸਮੀਤ ਕੌਰ ਤੇ ਬਲਬੀਰ ਕੌਰ ਨੂੰ ਦਰਸ਼ਨ ਦੇਣ ਲਈ 28-5-87 ਨੂੰ ਆਪ ਜੀ ਦਿੱਲੀ ਪਧਾਰੇ ਤੇ ਏਥੋਂ ਅੱਜ ਹੀ ਜੀਵਨ ਨਗਰ ਜਾਣਗੇ। ਕੱਲ 29-5 ਨੂੰ ਜੀਵਨ ਨਗਰੋਂ ਦਿੱਲੀ ਆਉਣਗੇ ਅਤੇ 30 ਮਈ ਨੂੰ ਸਾਨੂੰ ਏਥੇ ਨਾਮਧਾਰੀ ਫਾਰਮ ਵਿਖੇ ਨਿਵਾਜਣਗੇ।

ਨਿੱਕੀ-ਨਿੱਕੀ ਗੱਲ ਬਾਤ ਕਰਦੇ ਅਸੀਂ ਅੰਬਾਂ ਵੱਲ ਹੋ ਤੁਰੇ ਤੇ ਘੁੰਮਦੇ ਘੁਮਾਂਦੇ ਵਾਪਸ ਫਾਰਮ ਹਾਊਸ ਆ ਗਏ ਜਿਥੇ ਕਥਾ ਜਾਰੀ ਸੀ। ਮਹਾਰਾਜ ਜੀ ਤੇ ਸਾਰਾ ਪਰਿਵਾਰ ਹੋਰ ਕਾਮਿਆਂ ਨਾਲ ਏਥੇ ਬੈਠੇ ਸਨ।

ਬੀਤੇ ਕੱਲ ਬਹੁਤ ਤਪਸ਼ ਸੀ ਏਸ ਇਲਾਕੇ ਵਿਚ ਲਉਢੇ ਪਹਿਰ ਜਿਉਂ ਦਖਣੋਂ ਘਟਾਵਾਂ ਚੜੀਆਂ, ਤੇਜ਼ ਹਵਾਵਾਂ ਤੇ ਬਾਰਸ਼ ਜਾਰੀ ਹੋਈ ਅੱਧੀ ਰਾਤ ਪਿਛੋਂ ਜਾ ਕੇ, ਇਹ ਰੁਕੀ। ਰਾਤ ਭਰਪੂਰ ਠੰਢੀ ਹੋ ਗਈ ਪਰ ਅੱਜ ਫੇਰ ਧੁੱਪ ਤੇਜ਼ ਅਤੇ ਲੂਹ-ਲੂਹ ਧਰਨ ਵਾਲੀ ਸੀ। ਮੀਂਹ ਭਾਵੇਂ ਕਿੰਨਾ ਪਿਆ ਹੈ ਪਰ ਲੋਕਾਂ ਨੇ ਹਲ ਜੋਤਣੇ ਸ਼ੁਰੂ ਕਰ ਦਿੱਤੇ ਅਤੇ ਸਾਰੇ ਹੀ ਟੈਂਕ ਲਗਭਗ ਸੁਕੇ ਪਏ ਹਨ। ਵੱਡੇ ਟੈਂਕ ਵਿਚ ਗੁਜਾਰੇ ਜੋਗਾ ਪਾਣੀ ਹੈ। ਪਰ ਪਾਣੀ ਵਲੋਂ ਉਹ ਵੀ ਕਾਫੀ ਊਣਾ ਹੈ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜੱਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

(ਇਸ ਰਿਆਸਤ ਵਿਚ ਰਹਿਣ ਵਾਲੇ ਇੱਕ ਹੋਰ ਨਾਮਧਾਰੀ ਸਿੰਘ) ਹਰਨਾਮ ਸਿੰਘ ਘੁੱਦਾਂ ਵਾਲੀਏ ਦਾ ਪਿਛਲਾ ਪਿੰਡ ਸਿਆਹੜ (ਲੁਧਿਆਣਾ) ਸੀ। (ਸਤਿਗੁਰ ਜੀ ਨੇ) ਹਰਨਾਮ ਸਿੰਘ ਨੂੰ ਸੱਦਣ ਲਾਲ ਸਿੰਘ ਬੱਲੂਆਲੀਏ ਨੂੰ ਭੇਜਿਆ। (ਹਰਨਾਮ ਸਿੰਘ ਉੱਥੇ ਰਿਆਸਤ ਵਿਚ ਕਾਫ਼ੀ ਅਸਰ ਰਸੂਖ਼ ਰੱਖਦਾ ਸੀ। ਉਹ ਸਿੱਧਾ ਨਵਾਬ ਨੂੰ ਬਹਾਵਲਪੁਰ ਜਾ ਮਿਲਿਆ ਅਤੇ ਸਤਿਗੁਰੂ ਜੀ ਦੇ ਦੌਰੇ ਬਾਰੇ ਦੱਸ ਕੇ, ਰੋਕ ਟੋਕ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੇ ਹੁਕਮ ਲੈ ਆਇਆ ਸੀ। ਇਉਂ ਦੌਰਾ ਨਿਰਵਿਘਨ ਸਮਾਪਤ ਹੋਇਆ।)

ਹੁਣ ਮੈਂ ਮਹਾਰਾਜ ਜਗਜੀਤ ਸਿੰਘ ਦੀ (ਵਾਰਤਾ) ਦੱਸਾਂਗਾ। ਮਹਾਰਾਜ ਜਗਜੀਤ ਸਿੰਘ ਜਿਸ ਦਿਨ ਤੋਂ ਪੈਦਾ ਹੋਇਆ ਏ ਚੜ੍ਹਦੀਆਂ ਕਲਾਂ ਵਿਚ ਹੀ ਗਿਆ ਏ। ਹਰ ਇੱਕ ਚੀਜ਼ ਨੇ ਆ ਕੇ ਮੱਥਾ ਟੇਕਿਆ। ਜਿਵੇਂ ਜਿਵੇਂ ਉਮਰ ਵਿਚ ਵਧਦੇ ਗਏ ਤੇਜ਼ ਪਰਤਾਪ ਵੀ ਵਧਦਾ ਗਿਆ। ਤੇ ਘਰ ਵਿਚ, ਡੇਰੇ ਵਿਚ, ਕਿਸੇ ਸ਼ੈ ਦੀ ਕਮੀ ਨਹੀਂ ਰਹੀ।

ਸਤਿਗੁਰਾਂ (ਸਤਿਗੁਰੂ ਪਰਤਾਪ ਸਿੰਘ) ਨੇ ਸਾਰੇ ਰੱਛ ਰੱਖੇ ਸਨ ਥਾਂ-ਪੁਰ-ਥਾਂ। ਘੋੜੇ-ਘੋੜੀਆਂ ਮੰਡੀਆਂ ਵਿਚ ਦਰੋਗੇ ਚੁੰਮਣ ਸਿੰਘ ਨੇ ਵੇਚੇ ਸਨ।

ਘੋੜੇ ਸਰਦਾਰ ਭਗਤ ਸਿੰਘ ਨੇ ਹੀ ਭਜਾਏ। ਕਿਸੇ ਸ਼ੈ ਤੇ ਧਾਰ ਨਹੀਂ ਮਾਰੀ। (ਭਾਵ ਕਿਸੇ ਤਰ੍ਹਾਂ ਦੇ ਲੋਭ ਲਾਲਚ ਵਿਚ ਨਹੀਂ ਆਏ। ਜਿਸ ਦੀਆਂ ਕਈ ਪੇਸ਼ਕਸ਼ਾਂ ਘੋੜ ਦੌੜਾਂ ਵਿਚ ਉਹਨਾਂ ਨੂੰ ਆਉਂਦੀਆਂ ਰਹਿੰਦੀਆਂ ਸਨ।

ਮੈਂ ਪਹਿਲੀ ਵੇਰ ਘੋੜਿਆਂ ਵਾਲਿਆਂ ਸਣੇ ਦਰਸ਼ਨ ਮਾਘੀ ਮੁਕਤਸਰ (1921 ਈ:) ਮਹਾਰਾਜ ਜਗਜੀਤ ਸਿੰਘ ਦੇ ਕੀਤੇ। ਮੈਂ ਜਦੋਂ ਵਾਪਸ ਜਾਣ ਲੱਗਾ ਬੇਬੇ ਭੁਪਿੰਦਰ ਕੌਰ ਜੀ ਨੇ ਕਿਹਾ - ਲੈ ਫੜ ਆਪਣੇ ਭਰਾ ਨੂੰ ਤੇ ਇਹਨੂੰ ਜ਼ਰਾ ਸਾਧ ਸੰਗਤ ਦਾ ਦਰਸ਼ਨ ਮੇਲਾ ਕਰਾ ਲਿਆ। ਮੈਂ ਲੈ ਕੇ ਉਹਨਾਂ ਨੂੰ ਘੋੜਿਆਂ ਵਾਲਿਆਂ ਵਿਚ ਆ ਗਏ। ਸਾਰੇ ਦਰਸ਼ਨ ਮੇਲਾ ਕਰ ਕਰ ਕੇ ਬਾਗ਼ੋ-ਬਾਗ਼ ਹੋ ਗਏ। ਇਸ ਸਮੇਂ ਮਾਤਾ (ਭੁਪਿੰਦਰ ਕੋਰ) ਜੀ ਦਾ ਸੇਵਕ ਸੰਤ ਕੇਸਰ ਸਿੰਘ ਹੁੰਦਾ ਸੀ ਮਜਾਧ ਸਿਆਲਕੋਟ ਦਾ। (ਬੇਅੰਤ ਜੀ ਦਾ ਝੱਬਰ ਜੀ ਤੋਂ ਪਹਿਲਾਂ ਸੇਵਕ ਵੀ ਇਹੋ ਕੇਸਰ ਸਿੰਘ ਮਜਾਧ ਸੀ)। ਉਹ ਇਸ ਤਰ੍ਹਾਂ ਸਿੱਖ ਬਣਿਆ ਸੀ - ਉਹਨੂੰ (ਨਾਮਧਾਰੀ ਪੰਥ ਵਿਚ) ਸੰਤ ਸੁੰਦਰ ਸਿੰਘ ਪੂੰਗਾਂ ਵਾਲਿਆਂ ਨੇ ਲਿਆਂਦਾ ਸੀ। ਉਸਨੇ ਭਜਨ ਕਰਨ ਬੈਠਣਾ ਤਾਂ ਦਰਸ਼ਨ ਸਤਿਗੁਰੂ ਪਰਤਾਪ ਸਿੰਘ ਦੇ ਹੁੰਦੇ ਸਨ। (ਉਹ ਬੜੀ ਦੁਬਿਧਾ ਵਿਚ ਰਹੇ ਕਿ ਭਜਨ ਤਾਂ ਹੋਰ ਕਿਸੇ ਤੋਂ ਲਿਆ ਹੈ ਅਤੇ ਦਰਸ਼ਨ ਹੋਰ ਕਿਸੇ ਦੇ ਹੁੰਦੇ ਹਨ)

(ਅੰਮ੍ਰਿਤਸਰ) ਦੀਵਾਲੀ ਦੇ ਮੇਲੇ ਤੇ (ਪੂੰਗਾਂ ਵਾਲਿਆਂ ਨਾਲ) ਗਿਆ। (ਸਵੇਰੇ) ਆਸਾ ਦੀ ਵਾਰ ਵਿਚ ਮੱਥਾ ਟੇਕ ਕੇ ਆਂਹਦਾ ਹੈ -ਦਰਸ਼ਨ ਤਾਂ ਇਸ ਰੂਹ ਦੇ ਹੁੰਦੇ ਸਨ। ਜਦੋਂ ਮੇਲੇ ਦਾ ਭੋਗ ਪੈ ਗਿਆ ਸੰਗਤ ਤਿਆਰੀਆਂ ਵਿਚ ਹੋ ਗਈ, ਕੇਸਰ ਸਿੰਘ ਨਾ ਤੁਰੇ। ਪੂੰਗਾਂ ਵਾਲੇ ਉਹਨੂੰ ਲੱਭਦੇ ਫਿਰਨ। ਸਤਿਗੁਰਾਂ ਆਖਿਆ - ਪੂੰਗਾਂ ਵਾਲਿਓ ਜਾਓ! ਇਹ ਮੇਰਾ ਹੈ ਮੈਂ ਸਾਂਭ ਲਿਆ ਹੈ। ਪੰਦਰਾਂ ਸਾਲ ਸੇਵਾ ਕੀਤੀ ਏ (ਮਜਾਧ ਵਾਲੇ ਕੇਸਰ ਸਿੰਘ ਹੋਰਾਂ) ਮਹਾਰਾਜ ਜਗਜੀਤ ਸਿੰਘ ਦੀ ਸੇਵਾ ਢਾਈ ਸਾਲ ਦੀ ਉਮਰ ਤਕ ਕੀਤੀ ਹੈ। ਫਿਰ ਡੇਰੇ ਵਿਚ ਜਿੱਥੇ ਲਾ ਦਿਤਾ, ਉੱਥੇ ਹੀ ਸੇਵਾ ਕੀਤੀ। ਕਦੇ ਹੱਟੀ ਤੇ ਕਦੇ ਹੋਰ ਥਾਵਾਂ 'ਤੇ। (ਸੇਵਾ ਕਰਦਿਆਂ) ਕਿਸੇ ਦਾ ਦਿਲ ਨਹੀਂ ਦੁਖਾਇਆ।

**ਮਾਤਾ ਭੁਪਿੰਦਰ ਕੌਰ ਜੀ ਦਾ ਬਚਨ**

ਸਤਿਗੁਰੂ ਸੱਚੇ ਪਾਤਸ਼ਾਹ ਅਖੰਡ ਪਾਠ ਸ਼ੁਰੂ ਕਰ ਦਿੱਤੇ ਬੀੜ ਵਿਚ। ਮਾਤਾ ਜੀ ਭੈਣੀ ਸਾਹਿਬ ਰਹਿੰਦੇ ਸਨ। ਬੀੜ ਵਿਚ ਘੋੜਿਆਂ ਵਾਲਿਆਂ ਅਰਜ਼ ਕਰਨੀ ਚਾਹੀ ਕਿ ਮਾਤਾ ਜੀ ਨੂੰ ਇੱਥੇ ਬੀੜ ਵਿਚ ਲਿਆਈਏ, ਬੇਅੰਤ ਜੀ ਨਾਲ ਖੇਡਿਆਂ ਕਰਾਂਗੇ। ਘੋੜਿਆਂ ਤੇ ਚੜ੍ਹਾਵਾਂਗੇ। (ਸੰਤ) ਮੋਹਨ ਸਿੰਘ, (ਸੰਤ) ਬਹਾਦਰ ਸਿੰਘ ਨੂੰ (ਨਾਲ) ਲੈ ਕੇ ਅਰਜ਼ ਕੀਤੀ।

ਸਤਿਗੁਰ ਪਰਤਾਪ ਸਿੰਘ ਰਾਜ ਜੋਗੀ ਹੋਏ ਨੇ।ਜੇ ਢਾਬ ਤੇ ਬਹਿ ਗਏ ਤਾਂ ਉੱਥੇ ਹੀ ਇਸ਼ਨਾਨ ਕਰਨਾ ਤੇ ਉੱਥੇ ਹੀ ਬਹਿ ਰਹਿਣਾ। ਗੁਰੂ ਪੀਰ ਕਰਾਮਾਤਾਂ ਵੀ ਵਿਖਾਉਂਦੇ ਹਨ। ਢਾਬ ਤੇ ਜਿਸ ਵੇਲਾ ਡੇਰਾ ਸਤਿਗੁਰ ਜੀ ਦਾ ਲੱਗਾ ਸੀ ਮਿਲਖਾ ਸਿੰਘ (ਢੇਅ -ਸਿਆਲਕੋਟ) ਤੇ ਕੁੰਦਨ ਸਿੰਘ ਦੋਵੇਂ ਮਸਤਾਨੇ ਵੀ ਆ ਗਏ। ਜਦੋਂ ਇਸ਼ਨਾਨ ਪਾਣੀ ਦਾ ਵੇਲਾ ਹੋਇਆ ਤਾਂ ਦੋਵੇਂ ਮਸਤਾਨੇ ਆਂਹਦੇ ਕਿ ਅਸਾਂ ਢਾਬ ਵਿਚ ਸ਼ਰਲਾ ਛੱਡਣਾ ਏ ? ਸਤਿਗੁਰ ਆਂਹਦੇ ਜਿੱਥੇ ਏਨੀਆਂ ਮੱਝਾਂ ਗਾਂਈਂ ਮੂਤਦੀਆਂ ਨੇ ਤੁਸੀ ਵੀ ਮੂਤ ਲਉ।

ਸਤਿਗੁਰਾਂ ਇਹ ਸਾਰਾ ਸਿਆਲ (ਬੀੜ ਵਿਚ) ਢਾਬ ਦੇ ਕੰਢੇ ਹੀ ਕੱਟਿਆ। ਜਦੋਂ ਅਸੀਂ ਅਰਜ਼ ਬੇਅੰਤ ਜੀ ਨੂੰ ਲਿਆਉਣ ਦੀ ਕੀਤੀ, ਸਤਿਗੁਰ ਆਂਹਦੇ ਗੁਰਮੁਖਾ! ਮੇਰੇ ਕੋਲ ਕੱਖਾਂ ਦੀ ਕੁੱਲੀਏ ਤੇਰੇ ਕੋਲ ਪੱਕਾ ਕੋਠਾ ਏ। ਦੇਵੇਂਗਾ ਤੇ ਲੈ ਆ। ਵੇਖ ਲਉ! ਗੁਰੂ ਤਿਆਗੀ ਕਿੰਨਾ ਏ! ਮੈਂ ਕਿਹਾ ਜੀ ਮੈਂ ਕੋਠਾ ਦਿਆਂਗਾ।

ਆਂਹਦੇ ਲੈ ਆਉ! ਗੱਡੀ ਲੈ ਜਾਉ ! ਮਾਤਾ (ਜਿਊਣ ਕੌਰ) ਜੀ ਨੇ ਆਉਣ ਨਹੀਂ ਦੇਣਾ। ਉਹ ਚਾਹੁੰਦੇ ਸਨ (ਸਤਿਗੁਰ ਜੀ) ਭੈਣੀ ਸਾਹਿਬ ਰਹਿਣ। ਮੈਂ ਕਿਹਾ - ਜੀ ਝੂਠ ਸੱਚ ਬੋਲ ਕੇ ਲੈ ਆਵਾਂਗੇ। ਮਾਤਾ ਜੀ ਨੂੰ ਜਾ ਕਿਹਾ - ਨਾਭਿਉਂ ਸਰਦਾਰ ਆਏ ਨੇ, ਦਰਸ਼ਨ ਕਰਨਾ ਚਾਹੁੰਦੇ ਨੇ ਤੁਹਾਡਾ ਤੇ ਸਾਹਿਬਜ਼ਾਦੇ ਦਾ। ਕਿਹਾ ਵੱਡੇ ਬਿਸਤਰੇ ਨਾ ਚੁੱਕਣ। (ਇਸ ਤਰ੍ਹਾਂ ਮਾਤਾ ਜੀਊਣ ਕੌਰ ਜੀ ਨੂੰ ਆਉਣ ਬਾਰੇ ਸ਼ੱਕ ਹੋਣਾ ਸੀ) ਆਉਣ ਅਸਾਂ ਤੁਹਾਨੂੰ (ਉਥੋਂ) ਨਹੀਂ ਦੇਣਾ। ਮਾਤਾ ਜਿਊਣ ਕੋਰ ਜੀ ਨੂੰ ਇਕੋ ਰਾਤ ਦਾ ਵਾਅਦਾ ਕੀਤਾ। (ਪਰ ਉੱਥੇ ਜਾ ਕੇ ਫਿਰ ਸਤਿਗੁਰ ਜੀ ਤੋਂ ਉਹਨਾਂ ਦੇ ਉੱਥੇ ਰਹਿਣ ਦੀ ਆਗਿਆ ਲੈ ਲਈ)- ਬੇਅੰਤ ਜੀ ਪੌਣੇ ਕੁ ਮੀਲ ਤੇ ਖੂਹ ਸੀ, ਕਦੇ ਇਧਰ ਕਦੇ ਉਧਰ। ਸਤਿਗੁਰ ਦੌਰੇ 'ਤੇ ਚਲੇ ਗਏ। ਬੀੜ ਦਾ ਪਰਬੰਧ ਬੇਬੇ ਜੀ ਨੂੰ ਸਉਂਪ ਗਏ। ਬੇਬੇ ਭੁਪਿੰਦਰ ਕੌਰ ਜੀ ਨੇ ਹੁਕਮ ਮਾਤਾ ਜਿਊਣ ਕੋਰ ਦਾ ਬਹੁਤ ਮੰਨਿਆਏ। ਸਿੱਖ ਚਾਹੁੰਦੇ ਸਨ ਮਾਤਾ ਜੀ ਬਿਰਧ ਹੋ ਗਏ ਹਨ, ਹੁਣ ਘਿਉ ਬੇਬੇ ਜੀ ਵਰਤਾਉਣ। ਲਛਮਣ ਸਿੰਘ ਸਰਦਾਰ ਮੁਖਤਿਆਰ ਸੀ (ਗ੍ਰੰਥ ਗੜ੍ਹ -ਅੰਮ੍ਰਿਤਸਰ ਵਾਲਾ) ਉਹਨੇ ਘਿਓ ਦਾ ਤਾਂਬੀਆ ਭਰਾ ਕੇ ਰੱਖ ਦਿੱਤਾ ਅਤੇ ਬੇਬੇ ਭੁਪਿੰਦਰ ਕੌਰ ਜੀ ਵਰਤਾਉਣ ਲੱਗ ਪਏ। ਪਰ ਜਦੋਂ ਹੀ ਮਾਤਾ ਜਿਊਣ ਕੌਰ ਜੀ ਆ ਗਏ ਇਹ ਕਹਿ ਕੇ ਆਪਣੇ ਚੁਬਾਰੇ ਵਿਚ ਬੇਬੇ ਜੀ ਚਲੇ ਗਏ ਕਿ ਇਹ ਉਹਨਾਂ ਦਾ ਹੀ ਕੰਮ ਹੈ।

**ਮੁਲਾਕਾਤ ਦੂਸਰੀ - ਪਿੰਡ ਕਰੀਵਾਲਾ**

**ਸ਼ਾਮ ਦੇ ਪੌਣੇ ਛੇ ਵਜੇ**

**12 ਵੈਸਾਖ 2038 ਬਿਕ੍ਰਮੀ**

ਸਤਿਗੁਰੂ ਜੀ ਸੱਚੇ ਪਾਤਸ਼ਾਹ, ਮੁਖਸਰ (ਮੁਕਤਸਰ) ਦੇ ਹੋਲੇ ਨੂੰ ਜਦੋਂ ਸੁਹੇਵੇ ਸਾਹਿਬੋਂ ਆਏ ਨੇ, ਉਹ ਹਾਲਤ ਮਸਤਾਨਿਆਂ ਵਾਲੀ ਸੀ। ਇਕ ਵੇਰ ਜਦੋਂ ਗੱਦੀ ਤੇ ਬਹਿੰਦੇ ਨੇ ਪਹਿਲਾਂ ਅਵਸਥਾ ਹੋਰ ਸੀ ਜਦੋਂ ਦੂਜੀ ਅਵਸਥਾ ਬਦਲੀ ਫਿਰ ਮਸਤ ਬਿਰਤੀ ਵਿਚ ਰਹਿਣਾ। ਸਤਿਗੁਰਾਂ (ਸਤਿਗੁਰੂ ਰਾਮ ਸਿੰਘ) ਦੇ ਵੇਲੇ ਦੇ ਸਿੰਘ ਨਾਲ ਰੱਖਣੇ, ਉਹਨਾਂ ਦੇ ਬਚਨ ਸੁਣਨੇ। ਪਊਏ ਚਰਨਾਂ ਵਿਚ। ਬੜਾ ਰੰਗ ਸੀ ਜਦੋਂ ਆਏ।

ਕਾਣੇ ਘੋੜੇ 'ਤੇ ਸਨ। ਮਾਂਗੇ ਦੇ (ਉਸ ਸਮੇਂ ਦੇ ਪੰਜਾਬ ਦੇ ਖਾੜਕੂ ਸਿੱਖ) ਲਾਲ ਸਿੰਘ ਗਿੱਲ ਨੇ ਦਿੱਤਾ ਸੀ। (ਇਹ ਮਾਂਗਾ ਜ਼ਿਲ੍ਹਾ ਲਾਹੌਰ ਦਾ ਸਤਿਗੁਰੂ ਰਾਮ ਸਿੰਘ ਦੇ ਸਮੇਂ ਤੋਂ ਕੂਕਿਆਂ ਦਾ ਪ੍ਰਸਿੱਧ ਪਿੰਡ ਸੀ) ਲਾਲ ਸਿੰਘ ਗਿੱਲ ਦੇ ਪਿਉ ਦਾ ਭਰਾ ਧੰਨਾ ਸਿੰਘ ਸੀ। ਇਕ ਦਿਨ ਘੋੜੇ 'ਤੇ ਚੜ੍ਹਿਆ ਜਾ ਰਿਹਾ ਸੀ। ਮਨ ਵਿਚ ਫੁਰਨਾ ਆਇਆ ਕਿ ਸਤਿਗੁਰੂ ਰਾਮ ਸਿੰਘ ਨੇ ਸਾਨੂੰ ਗੁਰੂ ਨਾਨਕ ਵਾਲਾ ਭਜਨ ਤਾਂ ਦਿੱਤਾ ਹੀ ਨਹੀਂ ਕਿਉਂ ਜੁ ਗੁਰੂ ਨਾਨਕ ਤਾਂ ਉੱਡ ਜਾਂਦਾ ਸੀ। ਧੰਨਾ ਸਿੰਘ ਵੀ ਸਮੇਤ ਘੋੜੇ ਗਿਆ ਜਦੋਂ 'ਤਾਂਹ ਨੂੰ। ਆਂਹਦਾ ਬੱਸ ਬਈ ਬੱਸ, ਮੇਰੀ ਨਿਸ਼ਾ ਹੋ ਗਈ ਭਜਨ ਇਹ ਵੀ ਉਹੋ ਹੀ ਹੈ। ਲਾਲ ਸਿੰਘ ਹੈ ਤਾਂ ਅਜੀਬ ਹੀ ਸੀ (ਕਿਸੇ ਛੋਟੇ ਮੋਟੇ ਡਾਕੇ ਆਦਿ ਦੇ ਕੇਸ ਵਿਚ ਸੱਤ ਵਰ੍ਹੇ ਕੈਦ ਹੋ ਕੇ ਜਿਹਲ ਵਿਚ ਗਿਆ ਸੀ, ਫਿਰ ਅੰਦਰ ਹੀ ਅੰਦਰ ਐਸੇ ਐਸੇ ਕਾਰਨਾਮੇ ਕਰ ਕਰ ਕੇ ਸਜ਼ਾ ਵਧਾ ਲੈਂਦਾ ਰਿਹਾ। ਪੂਰੇ ਵੀਹ ਵਰ੍ਹੇ ਜਿਹਲ ਵਿਚ ਹੀ ਰਿਹਾ। ਇਤਨੇ ਵਰ੍ਹੇ ਹੀ ਉਹਦੀ ਮੰਗੇਤਰ ਵੀ

ਘਰੇ ਬੈਠੀ ਰਹੀ। ਬਾਹਰ ਆ ਕੇ ਉਸਨੇ ਵਿਆਹੀ। ਸਿੱਖ ਕੈਦੀਆਂ ਨੂੰ ਜਿਹਲ ਵਿਚ ਪੱਗਾਂ ਨਹੀਂ ਸੀ ਮਿਲਦੀਆਂ। ਉਸ ਲੰਮਾ ਸਮਾਂ ਹਾੜ ਸਿਆਲ ਕਛਹਿਰੇ ਵਿਚ ਹੀ ਕੱਟਿਆ, ਨੰਗੇ ਪਿੰਡੇ ਅਤੇ ਪੱਗਾਂ ਦੁਆਈਆਂ। ਪਠਾਣ ਕੈਦੀ ਜਿਹਲ ਵਿਚ ਮੁੰਡੇਬਾਜ਼ੀ ਕਰਦੇ ਸਨ। ਲਾਲ ਸਿੰਘ ਨੇ ਬਾਲਣ ਲੈਣ ਜਾਣ ਵਾਲੇ ਇਧਰਲੇ ਕੈਦੀਆਂ ਨੂੰ, ਹੱਥ ਸਵਾ ਹੱਥ ਦੇ ਟਾਹਲੀ ਦੇ ਡੰਡੇ ਵੱਢ ਕੇ, ਬਾਲਣ ਵਿਚ ਲੁਕਾ ਲਿਆਉਣ ਦਾ ਢੰਗ ਦੱਸਿਆ ਅਤੇ ਅਗਲੇ ਭਲਕ ਗਿਣਤੀ ਵਿਚ ਬੈਠੇ ਪਠਾਣ ਕੈਦੀਆਂ ਉੱਤੇ ਯਕ ਦਮ ਹੱਲਾ ਬੋਲ ਕੇ ਉਹ ਗਿੱਦੜ ਕੁੱਟ ਕਰਵਾਈ ਕਿ ਪੰਜਾਬ ਸਰਕਾਰ ਨੇ ਅਟਕ ਤੋਂ ਪੂਰਬ ਦੀਆਂ ਜਿਹਲਾਂ ਵਿਚ ਪਠਾਣ ਕੈਦੀ ਨਾਂ ਭੇਜਣ ਦਾ ਹੁਕਮ ਜਾਰੀ ਕੀਤਾ। ਇਕ ਵੇਰ ਪੁਲਿਸ ਕਪਤਾਨ ਉਹਦੇ ਪਿੰਡ ਆ ਕੇ ਕਹਿੰਦਾ, ਲਾਲ ਸਿੰਘ ਡਾਕੇ ਮਾਰਨੇ ਛੱਡ ਦੇ। ਉਹਨੂੰ ਕੋਠੇ 'ਤੇ ਨਾਲ ਲੈ ਗਿਆ। ਦੂਰ ਤੱਕ ਜਿੱਥੋਂ ਤੱਕ ਨਜ਼ਰ ਜਾਂਦੀ ਸੀ ਉਸ ਦੀ ਪੈਲੀ ਸੀ ਜਿਹੜੀ ਉਜਾੜ ਜੰਗਲ ਬਣ ਚੁੱਕੀ ਸੀ। ਕਹਿੰਦਾ- ਤੇਰੀ ਪੁਲਿਸ ਨੇ ਹਲ ਵਾਹੁਣ ਜੋਗੀ ਤਾਂ ਪੈਲੀ ਨਹੀਂ ਰਹਿਣ ਦਿਤੀ ਮੈਨੂੰ ਘਰੋਂ ਭਜਾ ਭਜਾ ਕੇ। ਹੁਣ ਰੋਟੀ ਤਾਂ ਅਸਾਂ ਵੀ ਖਾਣੀ ਹੈ। ਬੇਸ਼ਕ ਹੈ ਡਾਕੂ ਸੀ ਪਰ ਕੂਕਾ ਅੰਦੋਲਨ ਨਾਲ ਜੁੜੇ ਪਰਿਵਾਰ ਵਿਚੋਂ ਹੋਣ ਕਾਰਨ, ਦੇਸ਼ ਭਗਤ ਵੀ ਸੀ ਅਤੇ ਲੋਕ ਭਗਤ ਵੀ ਸੀ। ਢਲੀ ਉਮਰੇ ਦੁਸ਼ਮਣਾਂ ਹੱਥੋਂ ਕਤਲ ਹੋ ਗਿਆ ਸੀ।) ਪਰ ਇਸ ਲਾਲ ਸਿੰਘ ਗਿੱਲ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਇਹ ਕਾਣਾ ਘੋੜਾ ਮੱਥਾ ਟੇਕਿਆ ਸੀ। ਜਦੋਂ ਉਹਦੇ ਤੇ ਸਵਾਰ ਹੋ ਕੇ, ਗਏ ਦੀਵਾਨ ਵਿਚ, ਬੜੀ ਲੀਲ੍ਹਾ ਸੀ।

ਦੂਜੀ ਅਰਜ਼, ਮੁਕਤਸਰ ਦੇ ਹੋਲੇ ਤੇ ਸਾਡਾ ਦਰਬਾਰ ਬਣਦਾ ਹੈ। ਉਦੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ, ਸੂਬੇ ਮਹੰਤ ਆਦਿ ਥਾਪੇ ਜਾਂਦੇ ਸਨ। ਇਸ ਸਮੇਂ ਨੱਥਾ ਸਿੰਘ (ਚੇਲੇ ਕੇ ਅੰਮ੍ਰਿਤਸਰ) ਸੰਤ ਪ੍ਰੀਤਮ ਸਿੰਘ ਦਾ ਪਿਉ, ਬੁੱਢਾ ਸਿੰਘ (ਖਾਨਪੁਰੀਆ ... ?) ਸੂਰਤ ਸਿੰਘ ਭਿਕਸ਼ੂ (ਖਤਰਾਇ ਕਲਾਂ - ਅੰਮ੍ਰਿਤਸਰ) ਵਗੈਰਾ ਡੇਰੇ ਵਿਚ ਕੰਮ ਕਰਦੇ ਸਨ।

ਉਦੋਂ ਬਾਅਦ ਮਸਤਾਨੀ ਬਿਰਤੀ ਕਈਆਂ ਹੋਰਨਾਂ ਸਿੰਘਾਂ ਦੀ ਵੀ ਸੀ। ਇਕ ਸੁਆਦ ਹੋਰ ਮੈਂ ਕੂਕਿਆਂ ਵਿਚ ਵੇਖਿਆ ਸੀ। ਸੰਤ ਆਲਾ ਸਿੰਘ, ਜਿੱਥੇ ਹੁਣ ਜੀਤਾ ਦਰਜ਼ੀ ਬੈਠਾ ਹੈ (ਸ੍ਰੀ ਭੈਣੀ ਸਾਹਿਬ ਵਿਚ ਇਹਨਾਂ ਦੀ ਦੁਕਾਨ ਸੀ) ਉੱਥੇ ਕੁ ਅੱਪੜੇ ਹਨ, ਆਪਣੇ ਜਥੇ ਸਮੇਤ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਦੇ- ਸਤਿਗੁਰੂ ਪਰਤਾਪ ਸਿੰਘ ਹੋਰਾਂ ਬਸਤਰਾਂ ਲਾਹੇ ਨੇ ਸ਼ਾਇਦ ਇਸ਼ਨਾਨ ਲਈ, ਤੇੜ ਕਛਹਿਰਾ ਈ ਹੈ ਸਿਰ ਤੇ ਪਰਨਾ - ਡਿਉਢੀ ਵਿਚ ਮੇਲ ਹੋਇਆ ਸ਼ਬਦ ਦੀ ਆਵਾਜ਼ ਤੇ ਸਤਿਗੁਰ ਬਾਹਰ ਆ ਗਏ। ਫਿਰ ਬਰਾਂਡੇ ਵਿਚ ਬਹਿਕੇ ਗੁਰੂ ਰਾਮ ਸਿੰਘ ਦੇ ਬਚਨ ਬਿਲਾਸ ਕੀਤੇ -ਸ਼ਰਦਈ ਫੜਾਈਏ, ਹਰ ਕੋਈ ਅਗਲੇ ਵੱਲ ਤੋਰ ਦੇਵੇ। ਛਕੇ ਕੋਈ ਨਾ ਫਿਰ ਜਦੋਂ ਸਤਿਗੁਰਾਂ ਹੁਕਮ ਕੀਤਾ, ਹੁਣ ਜਲ ਪਾਣੀ ਛਕੋ ਉਦੋਂ ਉੱਠੇ ਤੇ ਛਕਿਆ।

ਭੈਣੀ ਸਾਹਿਬ, ਲਉਢੇ ਵੇਲੇ ਦੇ ਦੀਵਾਨ ਵਿਚ, ਜਦੋਂ ਪਰਕਾਸ਼ ਹੁੰਦਾ ਸੰਗਤ ਬੈਠੀ ਹੁੰਦੀ ਸੀ। ਉਸ ਦਰਸ਼ਨ ਦਾ ਸੁਆਦ ਜੋ ਮਨ ਵਿਚ ਪੁੜਿਆ ਏ, ਅੱਜ ਤੱਕ ਯਾਦ ਏ, ਮੈਂ ਉਹ ਸੁਆਦ ਦੱਸ ਈ ਨਹੀਂ ਸਕਦਾ।

ਇਹ ਹੰਸਾਂ ਦਾ ਬਾਣਾ (ਨਾਮਧਾਰੀ ਪਹਿਰਾਵਾ)। ਮੈਂ ਉਗਰਾਹੀ (ਸ੍ਰੀ ਭੈਣੀ ਸਾਹਿਬ, ਗੁਰੂ ਕੇ ਲੰਗਰ ਦੀ) ਕਰਦਾ ਰਿਹਾ। ਘਰਾਂ ਵਿਚ ਕੁਝ ਛਪੇ, ਅਪ੍ਰਗਟ ਸਾਧ ਹੁੰਦੇ ਸਨ ਅਪ੍ਰਸਿੱਧ, ਜਿਹਨਾਂ ਦੇ ਮੈਂ ਦਰਸ਼ਨ ਕਰਕੇ ਪ੍ਰਸੰਨਤਾ ਹਾਸਲ ਕੀਤੀ।

(ਸਰਹੰਦ) ਨਹਿਰ 'ਤੇ ਚਾਲ੍ਹੀਆ। ਹਾਕਮ ਸਿੰਘ, ਚਵਿੰਡੇ ਵਾਲੇ ਹਰਨਾਮ ਸਿੰਘ, ਆਲਾ ਸਿੰਘ ਵਰਨ, ਸਤਿਗੁਰ ਤਾਊਸ਼ ਵਜਾਉਂਦੇ। ਟਹਿਲ ਸਿੰਘ ਮਜ਼ਬੀ ਨੇ ਸ਼ਬਦ ਪੜ੍ਹਨੇ। ਇਸ ਬਾਰੇ ਚੱਕਰਵਰਤੀ ਨੇ ਲਿਖਿਆ ਏ (ਸੰਤ ਅੰਕ -1998 ਬਿਕਰਮੀ, ਵਿਚ 'ਬੌਰੀਆਂ ਵਾਲਾ' ਸਿਰਲੇਖ ਹੇਠ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦਾ ਲੇਖ ਹੈ।), ਜਦੋਂ ਟਹਿਲ ਸਿੰਘ ਨੇ (ਸ਼ਬਦ ਪੜ੍ਹਦਿਆਂ-ਪੜ੍ਹਦਿਆਂ) ਚੁਟਕੀ ਮਾਰਨੀ ਸਤਿਗੁਰਾਂ ਤਾਊਸ਼ ਰੱਖ ਦੇਣਾ। ਉਸ ਰਾਹੇ ਪੈ ਜਾਣਾ। ਗ਼ਰੀਬ ਤੋਂ ਗ਼ਰੀਬ ਤੇ ਅਮੀਰ ਤੋਂ ਅਮੀਰ ਨਾਲ ਵੀ ਸਾਥ (ਸਤਿਗੁਰ ਪਰਤਾਪ ਸਿੰਘ ਹੋਰਾਂ ਨੇ ਕੀਤਾ)

ਜਦੋਂ ਬੇਅੰਤ ਜੀ 9-10 ਵਰ੍ਹਿਆਂ ਦੇ ਹੋ ਗਏ, ਫਿਰ ਸਤਿਗੁਰਾਂ ਵੀ ਨਹਿਰ, ਬੀੜ ਦੇ ਡੇਰੇ ਛੱਡ ਕੇ, ਡੇਰਾ ਭੈਣੀ ਸਾਹਿਬ ਲਾ ਲਿਆ।

ਬਾਬਾ ਸੰਤਾ ਸਿੰਘ ਬੁਰਜ ਨੂੰ (ਗਊਆਂ ਚਾਰਨ ਲਈ) ਸੋਟੀ ਗੁਰੂ ਹਰੀ ਸਿੰਘ ਨੇ ਫੜਾਈ ਸੀ। ਇਕ ਲਾਂਗਰੀ (ਸਿੰਘ) ਦੇ ਦਿੱਤਾ। ਉਸ ਡੇਰੇ ਦੀ ਮੋਹੜੀ ਗੱਡੀ (ਨਹਿਰ 'ਤੇ) ਬੀਕਾਨੇਰ ਦਾ ਇਕ ਛੇੜੂ ਐਸਾ ਸੀ (ਲੇਖਾ ਸਿੰਘ ?), ਜਿਸ ਪੂਰੇ 60 ਵਰ੍ਹੇ ਮਾਲ (ਚਰਾਉਣ) ਦੀ ਸੇਵਾ ਕੀਤੀ। ਅਰੂੜ ਸਿੰਘ ਬੱਲੂਆਣੀਏ ਇਧਰ (ਇਲਾਕਾ ਜੀਵਨ ਨਗਰ - ਨਾਲੀ ਤੇ ਟਿੱਬੀ ਵਗੈਰਾ ਦੇ ਆਸ ਪਾਸ - ਦੇਸ਼ ਵੰਡ ਤੋਂ ਬਹੁਤ ਚਿਰ ਪਹਿਲਾਂ) ਆਪਣੀਆਂ (ਡੇਰੇ ਦੀਆਂ) ਗਾਂਈਂ ਚਾਰ ਮਹੀਨੇ ਰੱਖੀਆਂ। ਫਿਰ ਠੇਠਰਕੇ ਰਹਿ ਕੇ ਭੈਣੀ ਸਾਹਿਬ ਪੁੱਜੇ।

**ਚਲਦਾ...**

# Cancer-linked Toxins in Tea bags

**CASSIDY MORRISON**

Tea bags could be leaching billions of plastic particles into every cup – sparking fears of potential health risks. Scientists warn microscopic fragments, known as microplastics and nanoplastics, can stay in the body after being consumed. While the long-term impact is still being studied exposure has been linked to potential cancer-related effects, as the tiny particles get lodged in the body's tissues. Now research suggests the everyday tea bag may be a major hidden source.

An analysis of 19 studies by researchers in Iran and the UK found a single dry tea bag can contain around 1.3billion plastic particles – rising to about 14.7billion once brewed as hot water breaks them into even smaller pieces.

Tests showed nylon and PET (polyethylene terephthalate) tea bags released especially high levels when steeped in near-boiling water.Experts say the particles either come from the bag itself or contamination during production.

Other drinks are also affected. Bottled tea can pick up plastics from the water, bottle and cap, while bubble tea may be contaminated by cups, lids, straws and added ingredients.Tea bags release microplastics and nanoplastics into hot water, even those made from plant-based fibers

There are, however, simple ways to cut exposure.Experts say the most effective step is to switch to loose-leaf tea, which avoids the bag altogether. Choosing paper tea bags rather than plastic mesh can also help.Some studies suggest rinsing tea bags before use can reduce the number of particles released – though this is less effective for nylon varieties.

Avoiding microwaving tea and using filtered water may further limit contamination.


While it is impossible to eliminate microplastics entirely, researchers say small changes like these can significantly reduce how much ends up in a daily cup.

Microplastics are now widespread in food, water and even human tissues, with researchers racing to understand what that means for long-term health.Around 84 percent of Britons and 34 percent of Americans drink tea every day, many using tea bags for iced, herbal or regular cups.

In analysis published in the journal Food Chemistry, researchers concluded all types of tea-based drinks contain microplastics and nanoplastics, but tea bags release the most by far.Microplastics are tiny plastic particles visible under a basic microscope. They are small specks or fibers about the width of a human hair or smaller.Nanoplastics are thousands of times smaller. They are so tiny that they cannot be seen with a regular microscope.

They are small enough to pass directly through cell walls and into your bloodstream,

tissues and organs.In addition to one study reporting that one plastic teabag releases 2.3million microplastics and 14.7billion nanoplastics into a cup of hot tea, other researchers estimated 100,000 to 1million nanoplastics per liter from polypropylene and nylon bags.




Microwaving increases the release, while another study found non-woven bags release many particles, but woven nylon bags release few.Even teabags labeled 'biodegradable' or 'compostable' may not be as safe as they seem – with studies suggesting they can still shed billions of microscopic plastic particles into a single cup.

In some tests, researchers detected relatively low numbers – around 50 to 80 particles per bag – but warned this may be a vast underestimate, as their methods only captured larger fragments above about 30 micrometers.

The graphic shows the four different types of tea-based drinks and all the possible places where microplastics and nanoplastics (MNPs) can enter each one

The particles come in a range of shapes, including fibers and shards, and have been found to contain plastics not typically associated with food packaging, such as ABS, EVA, polycarbonate, Teflon and PVC.Scientists are increasingly concerned because these particles have now been detected in human blood, lungs, liver and even tumor tissue.

Laboratory studies suggest they may harm cells in several ways. One key mechanism is oxidative stress – where particles trigger the production of unstable molecules that can damage DNA, proteins and cell membranes.Over time, this type of DNA damage is linked to mutations that can drive cancer development.

Researchers have also reported higher levels of microplastics and nanoplastics in colorectal cancer tissue compared with healthy tissue, raising concerns about a possible link to cancers of the digestive system.

There are further fears because the particles can act like sponges – absorbing and carrying other potentially harmful chemicals, including phthalates and heavy metals, deep into the body's cells.Many of these chemicals have been linked to hormone disruption – and cancers including breast, prostate and ovarian.

A separate major review found microplastics have been detected in human tissue across multiple cancer types – including lung, stomach, blood, brain, liver, pancreatic, cervical and testicular cancers.

**Continued on page. 33**

# THE GAME OF LIFE



**Anandmurti Gurumaa**

The whole game of this life is about knowing and not knowing. The *gyāni* knows and thus lives this life beautifully, fearlessly. *Agyānis*, on the other hand, live with all sorts of fears, anxieties, and worries. And fear of death is the root of all fears. Not knowing what death is, one is fearful of the unknown.

Birth and death are two faces of the same coin. They are distinct phases in the circle of life. That which is born will inevitably die. The crucial question is: who or what is born and who or what dies? And is there something that is eternal, untouched by birth and death? Veritably, there is. It is the indestructible, indivisible real Self which is distinct from the body, mind, and intellect. The biggest delusion is to regard this unit of body-mind-intellect as the real 'I'. This false 'I' is a mere reflection of the real Self, the timeless pure existence which is beyond the concept of birth and death; which is, which simply is.

It is this physical body that takes birth and then dies. But if we look deeper, even this is not true. This gross body is nothing but a coming together of the five elements (earth, water, fire, air, and ether). Birth is the manifestation of this elemental form and death is the dissolution of the elements into their cosmic counterparts. From the unmanifest to the manifest and again to unmanifest, thus the play continues. Nothing is destroyed; it is merely transformed. Sometimes forms are visible, at other times they are not. But the constituent elements continue to exist as does the cycle of life which is governed by *Prakriti's* laws.

The laws of nature are neither dependent on belief nor on scientific authentication for their existence. Gravitational force would have continued to act even if the apple hadn't fallen on Newton's head. There is a lot more even in this tangible world that science is yet to understand or discover. Then what to say about the intangible! A scientist cannot do much in the absence of appropriate analytical gizmo. You need a microscope to see a microbe. But just because you don't have a microscope, or don't know how to use it, doesn't mean micro-organisms don't exist. The same is true for the transcendental realm. Our sages recognized the tool to discover the esoteric. And the day scientists investigate this with an open mind, their unfounded skepticism will finally come to

rest!

One such, albeit metaphysical yet fundamental law governing our lives, is the ubiquitous law of *karma. Karma* means action. To be precise, it is the physical execution of a thought. The driving force behind the action can be any desire, emotion, or sensory impulse. *Samskārās* (deep impressions in the unconscious mind) lead to a surge of *vāsanās* (innate tendencies), and these emerge as desires in the conscious mind. These desires then lead to the inception of *sankalpa* (the thought planning preceding any action), and this finally translates into physical action. And every action affects an appropriate reaction, namely, the fruit of the action.

There are different categories of *karma* – the sum total *karma* accrued from all previous lifetimes, *karma* fruits that one has to deal with in the current life, and so on. But the most familiar terms are: *punya* (meritorious act), *pāpa* (sinful act), *sakāma,* and *nishkāma karma.*

That which expands consciousness, reduces the darkness of ignorance, enhances one's positive attributes, and imparts peace to the mind is punya karma, and the converse is pāpa karma. To put it simplistically, punya is joy and pāpa is pain. From a deeper perspective though, since ignorance is the root of all evil, this ignorance is, in effect, *pāpa.*

*Sakāma* karma is result-oriented actions, prompted by the desire to gain or achieve something, including the desire for enlightenment. *Nishkāma karma,* on the other hand, is selfless action performed without any attachment to the action or fruit of the action. Many self-proclaimed social workers misguidedly believe that they are doing *nishkāma karma,* whereas, in reality, their actions are driven by egocentric desire for self-gratification in some form or another.

The fact of the matter is that you cannot enter the realm of *nishkāma karma* without killing your ego first. It is the path of devotion where all actions are intended for and offered unto the Lord. The devotee acts selflessly and choicelessly accepts all fruits - be it happiness or suffering, acclaim or condemnation, profit or loss, accepting it gratefully as a divine blessing.

Now, some may think it is best not to perform any action so that one can escape the law of *karma.* But as long as you live, you will have to do some action or the other – even if you are sitting in some remote cave. You will have to do something to sustain your body. Then, what is the way out of this bondage of *karma*? *Akarma* or karma *sannyāsa* is the answer, and please note that this does not mean inaction.

In essence, *karma sannyāsa* and *nishkāma karma* are not dissimilar. The devotee says everything belongs to the Lord, nothing is mine. And the *gyāni* says, "I am everything, there is no one other than me." But essentially, both are pointing to the same truth.

The *gyāni* says, "I am neither the body, nor the senses; neither the mind, nor the intellect. I am the detached witness, the all-pervasive, ever-conscious, ever-blissful, pure existence." So, from the gyāni's point of view, the very foundation of body-mind-intellect,

the very foundation of everything in this universe is this existence, which is neither the doer nor the experiencer because it is way beyond the body, mind, and intellect.

When you are the doer of an action, you will have to bear its fruits. So, what is this state of being wherein you are neither the doer nor the bearer, but rather, an unattached witness of the actions occurring through the body and mind?

It is the state of enlightenment. An enlightened being, a *gyāni,* has no *vāsanās* and thus no desire for the fruits of actions. *Akarma* can happen only through a person who is ego-less and who experientially 'knows' the real Self in all its radiant incandescence. The one who has attained self-realization, who verily knows his Self distinct from the body-mind-intellect and whose mind is completely empty of desires – *akarma* can happen only through such an enlightened being because there is no more any doer of actions.

Enlightenment is the complete eradication of all ignorance. Not knowing one's true Self, deludedly linking one's identity to the body-mind-intellect, not knowing the nature of this world – this is ignorance. By experientially knowing one's real Self, the enlightened being comes to know all there is to know. All delusions, all attachments, all desires get incinerated in the fire of *tattwa-gyāna* (luminous wisdom).

When there is no desire at all, none whatsoever, not even of *moksha*, that is being totally choiceless. When bondage and liberation too are viewed as no more than a part of the divine play; when everything is seen as divine – then be it truth or untruth, darkness or light, ignorance or enlightenment! What is left to hold on to or discard then? And the one who realizes this transcends all dualities, and such a being is known as a *gyāni.* Everything is a game, a play to a *gyāni.* Kabir puts it beautifully, 'The creator is the creation and the creation is the creator.' Thus the gyāni plays the game mirthfully, accepting everything and rejecting nothing.

.....................................................

## Cancer-linked Toxins in Tea bags

The latest analysis also found that chemicals such as phthalates and bisphenol A can leach into tea during brewing – though it remains unclear whether they come directly from the bag or from plastic particles that break off. The researchers warned contamination is widespread across all tea drinks.

'Clearly, all tea-based drinks, including bottled products and hot beverages involving tea leaves and teabags, are contaminated by MNPs [microplastics and nanoplastics] arising from multiple sources, including packaging, water and tea leaves themselves,' they said.

'Overall, however, teabags, including those made wholly or partly of plastic and those marketed as biodegradable, appear to be the greatest contributors of MNPs to hot tea when the bag and string are exposed to the physical, chemical and thermal stress of steeping.'

**(Courtsey Kirpal Singh Chana)**

.....................................................

# MURDER OF BEEF BUTCHERS

# BY KUKAS



**Edited by: Dr. Gurdev Singh Sidhu**
9417049417

"In such a case it might be possible that Christie's only fault had been making things over too much to his native subordinates and assistants, and not caring to enquire too particularly into the process by which certain results had been arrived at. *** Christie and the men who were aiding him, among whom were Rai Mul Singh and Sardar Bhagwan Singh."

31. The point I would lay stress on is the fact that the men who were certainly deeply injured by the false accusation made against them subsequently exhibited great slackness in instituting and carrying out proceedings against the false informers.

32. **Colonel Hall reports that Munna Singh's petition of the 17th October 1872 was the only complaint filed with Commissioner's order endorsed.**

I applied to Colonel Hall, Deputy Commissioner, for information as to whether any previous complaints had been filed, that is previous to October 1872. Ho replied, under date 30th January 1873: "The only petition presented with Major Davies' order endorsed was the one by Munna Singh, on which the charge against Aya was taken. I have examined registers and called for reports from record office, but this appears to be the only petition presented in the District Court. The prosecution required the Sessions Judge's sanction, and if any petitions were ever presented they must have been returned for submission to the higher Court. Hall also replied officially to a letter of mine of the 9th January 1873 on the same subject to the following effect in letter dated 14th January 1873. After mentioning Munna Singh's complaint of 17th October 1872, Colonel Hall said- "no other prosecutions have been instituted in connection with the butcher murder case."

**33. Soubah's petition is, probably, January 1872 overlooked.**

In these replies Soubah's petition of the 1st of October and his reference to his complaint previously lodged were overlooked; but it is most probable that Soubah's complaint was informal, and not accompanied by any order of the Sessions Court. This is not quite clear, however, as it appears to have been handed over to the Police for enquiry,

and to have been subsequently struck off, possibly on the prosecutors failing to attend from sickness, as he himself states. I will endeavour to trace the action taken on Soubah's petition.

**Complaint of Soubah appears to have been filed or struck off by order of Captain Marshall, possibly from complainant' being ill and not appearing.**

**It was decided to leave the parties injured by false accusation to prosecute the informers.**

It will be in the recollection of His Honor the Lieutenant-Governor that Major Davies wrote from England under date 19th November 1872. After saying that it had been decided at the time to leave the institution of prosecutions against the false informers to the injured parties, and that they had accordingly received permission to file their complaints, Major Davies added -"The complaints were, I know, filed in the court of the Deputy Commissioner of Amritsar before I left Amritsar."

34**. Major Davies remembered prosecutions being filed before he left Amritsar in January 1872. This may have been Soubah's complaint.**

Major Davies left on the 23rd of January 1872. I think it therefore probable that it must have been Soubah's petition which he alluded to, proceedings on which had fallen through from the complainant's own sickness.

35. **Manna Singh, Maya, &c., took no action till October 1872.**

Manna Singh, Maya and Ram Kishen had taken no action on the order they had obtained.

36. **Session Court appears to have only issued one permission.**

It does not appear that any second order of permission to prosecute had been given by the Sessions Court; it is probable therefore that Soubah only quoted the permission that the others had received.

37**. The injured parties in fault for not having earlier instituted the prosecutions.**

· My point therefore is that the injured parties had full permission and opportunity afforded them through a long period of righting themselves, and they failed to take due and prompt advantage of it. If they had done so at the early stage at which they received the permission, when the interest in the recent events was keen and fresh in the minds of all, the result would have been that the whole thing would have been run up at once, and all the subsequent complaints, which on the fact of the case I consider ill based, of a lack of enquiry would have been obviated.

38**. All the officers, Civil and Police, changed.**

No excuse for the prosecutors not moving can be based on any asserted influence opposing, or likely to oppose, their action; for it happened that the whole of the local officers were changed about the time in question; - Major Davies left for England shortly after recording his permission to prosecute; Colonel Hall went to Multan; Captain Marshal to Murree; the District Superintendent was changed: Colonel Baillie left for England.

39. **As the injured men were slack, Government not bound to prosecute at this late date.**

As the injured men failed to exert themselves at the right time, I do not see that the local Government or any other authority is bound to do the work which they chose to neglect, and that when a considerable lapse of time has made the revival of the memory of those distressing events, I allude to the butcher murders and their surroundings, inexpedient.

40. **It has been said that Governmentshould have prosecuted.**

It has been said that it would have been better for Government to have ordered the prosecution of the false informers itself, instead of leaving the injured parties to prosecute.

41. **This view discussed.**

I will only say with regard to this that, while I am inclined to agree in this opinion now, when viewed by the light of the intermediate history of the case, I am yet clear that at the time it must have been more difficult to say which was likely to be the best course. The period had been one of unusual excitement, and much angry religious and class feeling had been aroused. Suddenly by the Raikot revelations, and from the fact of the informers in the Amritsar case retracting their statements, enquiry had been swung round from a wrong to a right direction, and vengeance had descended on the heads of the real offenders, - the long lane had found its turning, and every one breathed more freely. It was not a time when it would naturally have been the inclination of the powers of the day to institute and originate new measures which, whatever might be their object and result, would assuredly have had the effect of continuing to stir up and keep alive all the bitter animosity which had been aroused, but which had shown an inclination´to subside on the clearing up of the false accusations and the punishment of the real offenders.

**42. It was no doubt expected that there would be no delay in instituting the prosecutions.**

It was I imagine on this account that the local Government resolved to leave it to the injured men themselves to prosecute those who had given false information against them. It was probably expected that this would be done without delay, and that Government, though not a party to the prosecutions, would have the advantage of having the real state of the case worked out in the ordinary Courts with as little revival or fomenting of the previous agitation and ill-feeling as could be arranged for.

43. It could not possibly have been counted on that, by the dilatory action of the aggrieved parties themselves, these prosecutions should not have been launched till ten months after the permission to carry them out had been given.

44. **My connection with the case commenced with Jhanda Singh's trial.**

My own connection with the case may be said to have commenced with the trial of Jhanda Singh, one of the gang of Kukas who

murdered the Amritsar butchers, and who having absconded at the time had been absent in foreign territory for a year and a half.

45. **Commenced the trial of Jhanda Singh in May 1873.**

Venturing back to the neighbourhood of Amritsar, he was apprehended, tried and committed to the Sessions in the spring of 1873. I entered on his trial in May 1873.

46. **Chief Court rescinded Major Davies' order exempting Jai Ram from trial.**

About the same time the Chief Court rescinded Major Davies' order before alluded disallowing the prosecution of Jai Ram.

**47. Chief Court had asked me why Jai Ram had been exempted, but I had been unable to explain.**

The Chief Court had applied to me to know why this order had been given. I gave in reply all the information that I was able, but I had no means of explaining the especial difficulty. Major Davies was in England, and it did not occur to me to apply to him. I had by me, as I thought, letters which showed that neither the local Government nor Major Davies was aware of Jai Ram's having been exempted from prosecution.

48. Failing in obtaining an explanation of the exemption, the Chief Court rescinded Major Davies' order; and Sant Ram and others instituted a prosecution against Jai Ram.

49. **Intention of the Government to order a further enquiry into the police investigation of the butcher murders if necessary.**

About the same time I had been made aware that the local Government contemplated, if necessary, directing a further enquiry into the conduct of the police when investigating the butcher murder cases, and it was intimated to me that I might have to carry out this enquiry.

50. **Thus different investigations pending.**

I thus in a manner had three different cases on hand bearing on the same subject, viz., Jhanda Singh's trial, Jai Ram's prosecution and the possibility of an enquiry into the police investigations at the time of the murders.

51. **Jai Ram's trial put in abeyance till conclusion of Jhanda Singh's trial.**

The conjunction was perplexing, as the same papers were required in each case. I was therefore obliged to point out to the Judges of the Chief Court that Jai Ram's trial could not proceed till the investigation in Jhanda Singh's case was completed. In reply, I received permission to keep Jai Ram's trial in abeyance.

52. **Government advised to put further proceedings in abeyance till conclusion of Jai Ram's trial.**

I further reported to Government that if any ultimate proceedings were contemplated the conclusion of Jai Ram's trial had better be awaited, as that would probably put Government in possession of all that could be said in the matter, and would thus enable it to decide upon the necessity or otherwise of further enquiries.

53. **Government accedes to this.**

His Honor the Lieutenant-Governor acceded to this view, and postponed further

orders regarding an investigation into the conduct of the Police till Jai Ram's trial should be concluded.

54. **Mr. Christie's resignation placed inabeyance**

Shortly after I was applied to by the Under-Secretary to Government in the Police Department for an opinion as to whether Mr. Christie's resignation should be accepted. I replied that I thought that under the circumstances it had better not.

55. Thus unavoidably Jai Ram's trial awaited the conclusion of Jhanda Singh's, and any further enquiry contemplated awaited the completion of Jai Ram's trial.

56. I cannot accuse myself of any dilatoriness in the matter. Jhanda Singh's trial caused me a considerable amount of anxious care and labour. I had to depend on the stereotyped assertions of approvers - men who had purchased their own safety by swearing away the lives of their brethren. I had also to make use of the utterances of dead men. I could not, therefore, dispose of the case off hand. I sent for the proceedings in the Raikot case, which were some time in coming, and were voluminous.

**Jhanda Singh sentenced to death, June 30th, 1873.**

I sentenced Jhanda Singh to death on the 30th of June.

57. **Preparation of a memorandum reviewing the kine-killing agitation, butchermurder, &c.**

Before sending up the case to the Chief Court, finding all the papers connected with it, viz., the Raikot and Amritsar files, Vernacular and English, and the whole of the police file kindly put at my disposal by the Inspector-General of Police in my hands, I thought it an appropriate opportunity for preparing a brief review of the whole proceedings; this I meant to accompany my order in Jhanda Singh's case.

. 58. **Remarks by officers best acquainted with the transactions on the memorandum.**

This memorandum has since been printed

59. I must be allowed to quote from memory what has been said of it by the officers best able to judge of it.

60. Mr. Boulnois, 1st Judge of the Chief Court, spoke of it as clear and complete, and he accepted it as evidence in his final order on Jhanda Singh's case.

61. Colonel McAndrew, who had been Officiating Inspector-General of Police at the time of the butcher murders, wrote- "I consider the facts of the case and its surroundings are most clearly and correctly worked out in this memo., and that it is a record that should be preserved for future reference."

62. Colonel George Hutchinson, Inspector-General, spoke of it as "a most lucid resumé" of the case, and said that he had never before taken in the matter as a whole.

63. Colonel Younghusband, now Inspector-General, read it at my house and pronounced it clear and interesting.

**to be continued**

.......................................................

# ਕਾਵਿ – ਕਿਆਰੀ

## ਕਬਿੱਤ – ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਕਵੀ ਜੀਵਨ ਸਿੰਘ**

ਗੁਜਰੀ ਦੇ ਲਾਲ ਦੇ ਨੇ ਕੌਤਕ ਕਮਾਲ ਦੇ ਨੇ ਭੀਖਨ ਸੁਜਾਤ ਪਾਕ ਅੱਲਾ ਦੀ ਨਿਹਾਰੀ ਏ।
ਸ਼ਿਵਦੱਤ ਨੂੰ ਦਿਦਾਰੇ ਦਿੱਤੇ ਗੰਗਾ ਦੇ ਕਿਨਾਰੇ ਹੋ ਕੇ ਮੁਰਲੀ ਮਨੋਹਰ ਸ਼ਾਮ ਰੂਪ ਗਿਰਧਾਰੀ ਏ।
ਮੈਣੀ ਦੀ ਆ ਮੰਗ ਪੂਰੀ ਕੀਤੀ ਸੰਗ ਹਾਣੀਆਂ ਦੇ ਗੋਦੀ ਵਿੱਚ ਬੈਠ ਉਹਦੀ ਚਿੰਤਾ ਨਿਵਾਰੀ ਏ।
ਪਟਨੇ ਦੇ ਪਿਆਰੇ ਬਾਲ ਚਲਤ ਨਿਆਰੇ ਸਾਰੇ ਐਸੇ ਮਹਾਰਾਜ ਤਾਈਂ ਬੰਦਨਾ ਹਮਾਰੀਏ।
ਆਏ 'ਨੰਦਪੁਰੀ ਕਥਾ ਕੀਰਤ ਅਜੀਬ ਤੁਰੀ ਪਿਤਾ ਦਿਲੀ ਤੋਰ ਹਿੰਦ ਡੁਬਦੀ ਉਬਾਰੀ ਏ।
ਪਿਤਾ ਪੁਰਖੀ ਸੰਭਾਰ ਦੁੱਖ ਹਰਨ ਦਤਾਰ ਯੋਧੇ ਕੌਮ ਦੇ ਵੰਗਾਰ ਕੇ ਨਗਾਰੇ ਚੋਟ ਮਾਰੀ ਏ।
ਗੁੜੀ ਨੀਂਦਰੋ ਜਗਾਏ ਸ਼ੇਰ ਗਿਦੜੋ ਬਣਾਏ ਬਾਜ ਚਿੜੀਆਂ ਨੇ ਢਾਏ ਹੋਈ ਜਾਪੇ ਅਲੋਕਾਰੀ ਏ।
ਝੰਡੇ ਕੇਸਰੀ ਝੁਲਾਏ ਨਾਹਰੇ ਫਤੇ ਦੇ ਲਵਾਏ ਜਿਸ ਐਸੇ ਮਹਾਰਾਜ ਤਾਈਂ ਬੰਦਨਾ ਹਮਾਰੀ ਏ।
ਇਕ ਰੋਜ਼ ਲਲਕਾਰ ਪੰਜ ਸੂਰਮੇ ਲਤਾੜ ਸੀਸ ਨਾਲ ਤਲਵਾਰ ਕੱਟ ਲੀਤੇ ਵਾਰੋ ਵਾਰੀ ਏ।
ਮਿਹਰ ਕਰਕੇ ਕਮਾਲ ਜੋੜ ਦਿੱਤੇ ਤਤਕਾਲ ਨਵੀਂ ਜਿੰਦਗੀ ਬਹਾਲ ਕਰ ਦਿੱਤੀ ਸਰਦਾਰੀ ਏ।
ਪਾਹੁਲ ਖੰਡੇ ਦੀ ਬਣਾਕੇ ਪਹਿਲਾਂ ਪੰਜਾਂ ਨੂੰ ਛਕਾਕੇ ਛਕੀ ਪੰਜਾਂ ਕੋਲੋ ਆਪ ਊਚ ਨੀਚਤਾ ਨਿਵਾਰੀ ਏ
ਸਾਂਝੀ ਵਾਲਤਾ ਬਣਾਈ ਹੈ ਸਰਬ ਸੁਖਦਾਈ ਭਾਈ ਐਸੇ ਮਹਾਰਾਜ ਤਾਈਂ ਬੰਦਨਾ ਹਮਾਰੀਏ।
ਹੱਥ ਸਮਰੱਥ ਜੀਹਦੀ ਰੱਖਿਆ ਸੁ ਕੰਡ ਉਤੇ ਮੱਤੇ ਹਾਥੀਆਂ ਦੀ ਉਸ ਮਸਤੀ ਉਤਾਰੀ ਏ।
ਬਾਂਕਾ ਅਸਵਾਰ ਸ਼ਾਹੀ ਦਲਾਂ ਦਾ ਸ਼ਿੰਗਾਰ ਰਣ ਵੈਰੀ ਦੀ ਵੰਗਾਰ ਜਿਸ ਕਦੇ ਨਾ ਸਹਾਰੀ ਏ।
ਇਕ ਵਾਰੀ ਆਗਿਆ ਜੋ ਇਹਦੇ ਇਕ ਵਾਰ ਥੱਲੇ ਦੂਜੀ ਵਾਰ ਆਈ ਕਦੇ ਉਸਦੀ ਨਾ ਵਾਰੀ ਏ।
ਤੀਰ ਤਲਵਾਰੋ ਵਾਰ ਤੇਜ ਜੀਹਦੇ ਨੇਤਰਾਂ ਦਾ ਐਸੇ ਮਹਾਰਾਜ ਤਾਈਂ ਬੰਦਨਾ ਹਮਾਰੀ ਏ।
ਅੱਖੀਆਂ ਸੇ ਸਾਹਮਣੇ ਕੁਹਾਏ ਤਾਰੇ ਅੱਖੀਆਂ ਦੇ ਅੱਖੀਆਂ ਚੋਂ ਇਕ ਵੀ ਨਾ ਅੱਥਰ ਉਤਾਰੀ ਏ।
ਚੱਲਿਆਂ ਅਕੇਲਾ ਤੁਰ ਗੜੀ ਚਮਕੌਰ ਵਿਚੋਂ ਕਹਿਰਾਂ ਦੀ ਸੀ ਸਰਦੀ ਤੇ ਰਾਤ ਅੰਧਿਆਰੀ ਏ।
ਗਹਿਰਾ ਜੰਗਲ ਗੰਭੀਰ ਹੋਇਆ ਜਾਮਾ ਲੀਰੋ ਲੀਰ ਝਾੜਾਂ ਪੱਛਿਆਂ ਸਰੀਰ ਨੰਗੇ ਪੈਰ ਹੋਏ ਆਰੀ ਏ
ਸੱਥਰ ਦੀ ਸੇਜ ਤੇ ਅਡੋਲ ਰਹੀ ਆਤਮਾ ਜੋ ਐਸੇ ਮਹਾਰਾਜ ਤਾਈਂ ਬੰਦਨਾ ਹਮਾਰੀ ਏ।
ਜਿਗਰ ਦੇ ਟੋਟਿਆਂ ਦਾ ਹਾਲ ਸੁਣ ਛੋਟਿਆਂ ਦਾ ਹੋਇਆਂ ਪ੍ਰਮਾਤਮਾ ਦਾ ਸ਼ੁਕਰ ਗੁਜ਼ਾਰੀ ਏ।
ਮੁਕਤੀ ਦੇ ਸਾਗਰ ਚ ਤਾਰਿਆ ਜੋ ਮਹਾਂ ਸਿੰਘ ਟੁੱਟੀ ਹੋਈ ਗੰਢ ਲਈ ਮਿਲਾਈ ਸਿੱਖੀ ਸਾਰੀ ਏ।
ਸੁੰਦਰੀ ਸਵਾਲ ਕੀਤਾ ਕਿਥੇ ਗਏ ਨੇ ਲਾਲ ਮੇਰੇ ਕਿਹਾ ਇਹਨਾਂ ਪੁਤਰਾਂ ਤੋਂ ਵਾਰੇ ਸੁਤ ਚਾਰੀ ਏ।
ਵਾਰ ਪਰਿਵਾਰ ਆਖੇ ਹੌਲਾ ਹੋਇਆ ਭਾਰ ਮੇਰਾ ਐਸੇ ਮਹਾਰਾਜ ਤਾਈਂ ਬੰਦਨਾ ਹਮਾਰੀ ਏ।
ਚਿਹਰਾ ਨੂਰੋ ਨੂਰ ਤੇ ਸਰੂਰ ਭਰੇ ਨੇਤਰਾਂ ਦੀ ਝਲਕ ਪਲਕ ਕਾਰੀ ਕਿਸੇ ਨਾਂ ਸਹਾਰੀ ਏ।
ਧੀਰਜ ਦੀ ਧੁਜਾ ਭੁਜਾ ਜਿਸਦੀ ਨਾ ਹੋਈ ਨੀਵੀਂ ਜੇਤੂਆਂ ਨੇ ਹਾਰ ਮੰਨੀ ਜਿਸਦੇ ਅਗਾਰੀ ਏ।
ਉਦਾਰਤਾ ਦੀ ਹੱਦ ਰੱਦ ਜਾਣੀਆਂ ਨੇ ਬਾਦਸ਼ਾਂਹੀਆਂ ਤਾਜ਼ਦਾਰ ਝੁੱਕੇ ਜਿਹਦੇ ਚਰਨਾਂ ਮਝਾਰੀ ਏ।
ਨਾਟਕ ਬਚਿੱਤਰ ਬਤਾਇਆਂ ਜਿਸ ਜੀਵਨ ਨੂੰ ਐਸੇ ਮਹਾਰਾਜ ਤਾਈਂ ਬੰਦਨਾ ਹਮਾਰੀ ਏ।

..............................................................

# ਸੁੱਚੇ-ਮੋਤੀ

**ਦਿਲਾਂ ਦੇ ਜੇਤੂ ਸਤਿਗੁਰੂ**

2 ਫਰਵਰੀ 1960 ਈ. ਸੰਤ ਨਗਰ ਬਸੰਤ ਪੰਚਮੀ ਮੇਲੇ ਦੌਰਾਨ ਮੈਂ ਸਤਿਗੁਰੂ ਜੀ ਕੋਲੋਂ ਜ਼ਰਾ ਦੂਰ ਹੋ ਕੇ ਬੈਠਿਆ ਤਾਂ ਸਤਿਗੁਰਾਂ ਪਿਆਰ ਨਾਲ ਕੋਲ ਬੁਲਾ ਕੇ ਆਖਿਆ-

"ਮੇਰਾ ਜੀ ਨਹੀਂ ਲੱਗਦਾ ਜਦ ਤੂੰ ਕੋਲ ਨ ਹੋਵੇਂ।"

ਅਜਿਹੇ ਕਥਨ ਉਹ ਦੂਜਿਆਂ ਦੇ ਹਿਰਦੇ ਜਿੱਤਣ ਲਈ ਤੇ ਸਿੱਧਾ ਰਾਬਤਾ ਬਣਾਈ ਰੱਖਣ ਲਈ ਕਰਿਆ ਕਰਦੇ ਹਨ ਅਤੇ ਉਹਨਾਂ ਨੂੰ ਪਤਾ ਹੈ ਕਿ ਕਿਹੋ ਜਿਹੇ ਸ਼ਬਦ ਮੇਰੇ ਧੁਰ ਅੰਦਰ ਉਤਰ ਜਾਂਦੇ ਹਨ।

**ਹਿੰਮਤ ਰੱਖਣੀ ਚਾਹੀਦੀ ਹੈ**

8 ਜੁਲਾਈ 1977 ਈ. ਨੂੰ ਸਤਿਗੁਰੂ ਜੀ ਨੇ ਆਸਾ ਦੀ ਵਾਰ ਨਾਮਧਾਰੀ ਕਾਲੋਨੀ ਰਮੇਸ਼ ਨਗਰ (ਦਿੱਲੀ) ਵਿਖੇ ਸੁਣੀ। ਮੈਂ ਪੂਸਾ ਰੋਡ ਕੋਠੀ 10 ਵਜੇ ਪਹੁੰਚਾ। ਮੇਰੇ ਜਾਂਦਿਆਂ ਨੂੰ ਸਤਿਗੁਰੂ ਜੀ ਡਾਲਟਨ ਗੰਜ (ਬਿਹਾਰ) ਦੇ ਸੁਰਿੰਦਰ ਸਿੰਘ ਨਾਲ ਗੱਲਬਾਤ ਕਰ ਰਹੇ ਸਨ। ਫ਼ੁਰਮਾਇਆ-

"ਤੇਰੀ ਗੱਲ ਸੁਣ ਕੇ ਮੈਨੂੰ ਪਰੇਸ਼ਾਨੀ ਹੋਈ ਹੈ। ਤੇਰੇ ਮਨ ਵਿੱਚ ਏਨੀ ਕਮਜ਼ੋਰੀ ਕਿਵੇਂ ਆ ਗਈ? ਤੂੰ ਤਾਂ ਮਾਇਆ ਵੱਲੋਂ ਵੀ ਕੋਈ ਮੁਸ਼ਕਲ ਨਹੀਂ ਰੱਖਦਾ, ਪਰ ਏਥੇ ਕਵੀ ਹੁਰਾਂ ਵਰਗੇ ਵੀ ਹਨ ਜੁ ਕਿਸੇ ਵੱਡੀ ਤੋਂ ਵੱਡੀ ਮੁਸੀਬਤ ਨੂੰ ਵੀ ਟਿੱਚ ਜਾਣਦੇ ਹਨ। ਬੰਦੇ ਨੂੰ ਹਿੰਮਤ ਰੱਖਣੀ ਚਾਹੀਦੀ ਹੈ। ਮਸਲੇ ਆਪਣੇ ਆਪ ਠੀਕ ਹੋ ਜਾਂਦੇ ਹਨ।"

**ਭੂਤਾਂ ਪ੍ਰੇਤਾਂ ਦਾ ਚੱਕਰ**

ਦਿੱਲੀ ਦਾ ਇੱਕ ਸਿੰਘ ਆਪਣੀ ਪਤਨੀ ਨਾਲ ਸਤਿਗੁਰੂ ਜੀ ਨੂੰ ਮੱਥਾ ਟੇਕਣ ਵਾਸਤੇ ਆਇਆ। ਉਸ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ- "ਦੀਨ ਦਿਆਲ ਜੀ, ਪਤਾ ਨਹੀਂ ਇਸ ਨੂੰ ਕੀ ਰੋਗ ਹੈ, ਇਕਦਮ ਛਾਈਂ-ਮਾਈਂ (ਐਸੀ ਹਾਲਤ ਜਿਸ ਵਿੱਚ ਮਨੁੱਖ ਬਗੈਰ ਕਿਸੇ ਸਰੀਰਕ ਹਰਕਤ ਤੋਂ ਸਥਿਰ ਹੋ ਜਾਵੇ) ਹੋ ਜਾਂਦੀ ਹੈ। ਸਰੀਰ ਤਣਿਆ ਜਾਂਦਾ ਹੈ। ਡਾਕਟਰਾਂ ਨੂੰ ਕੁਝ ਪਤਾ ਨਹੀਂ ਲੱਗਦਾ।"

ਸਤਿਗੁਰੂ ਜੀ ਨੇ ਫੁਰਮਾਇਆ- "ਜ਼ਰੂਰੀ ਨਹੀਂ ਕਿ ਹਰ ਰੋਗ ਡਾਕਟਰਾਂ ਦੁਆਰਾ ਠੀਕ ਹੋ ਜਾਏ। ਲੋਕ ਡਾਕਟਰਾਂ 'ਤੇ ਵਿਸ਼ਵਾਸ ਕਰਕੇ ਉਨ੍ਹਾਂ ਪਾਸ ਜਾਂਦੇ ਹਨ ਤੇ ਕਈ ਵਾਰ ਨਵੇਂ ਰੋਗ ਲੈ ਕੇ ਘਰ ਮੁੜ ਆਉਂਦੇ ਹਨ। ਇਲਾਜ ਕਰਵਾਣ ਗਿਆਂ ਕਈ ਮਰ ਵੀ ਜਾਂਦੇ ਹਨ। ਪਰ ਡਾਕਟਰਾਂ ਪਾਸ ਜਾਣੋਂ ਲੋਕ ਹਟਦੇ ਨਹੀਂ। ਫਿਰ ਭੂਤਾਂ-ਪ੍ਰੇਤਾਂ ਦਾ ਵਹਿਮ ਕਈ ਪਰੇਸ਼ਾਨੀਆਂ ਪੈਦਾ ਕਰਦਾ ਹੈ। ਵਿਸ਼ਵਾਸ ਕਰਕੇ ਸਾਧ ਸੰਗਤ ਤੇ ਸਤਿਗੁਰੂ ਵੱਲ ਧਿਆਨ ਕਰੋ। ਸਾਧ ਸੰਗਤ ਵਿੱਚ ਅਰਦਾਸ ਹੋ ਜਾਵੇਗੀ।"

ਸਤਿਗੁਰਾਂ ਆਪਣੀ ਮਿਸਾਲ ਦਿੱਤੀ- "ਮੇਰੇ ਪੇਟ ਦੀ ਖਰਾਬੀ ਬਾਰੇ ਸਾਰੇ ਵੱਡੇ-ਵੱਡੇ ਡਾਕਟਰਾਂ ਨੂੰ ਪਤਾ ਹੈ, ਪਰ ਕੋਈ ਡਾਕਟਰ ਜਾਂ ਹਕੀਮ ਇਸ ਨੂੰ ਠੀਕ ਨਹੀਂ ਕਰ ਸਕਿਆ। ਜੇ ਕਿਸੇ ਦੀ ਦਵਾਈ ਕਾਰਗਰ ਜਾਪੇ ਤਾਂ ਉਹ ਵੀ ਦੋ ਚਾਰ ਦਿਨ ਲਈ ਆਰਾਮ ਦਿੰਦੀ ਹੈ। ਪਰ ਮੈਂ ਤਾਂ ਸਤਿਗੁਰੂ ਦੀ ਕਿਰਪਾ ਨਾਲ ਨਾ ਰੋਗ ਤੋਂ ਡਰਦਾ ਹਾਂ ਤੇ ਨਾ ਕਿਸੇ ਹੋਰ ਤੋਂ। ਸਿਹਤ ਬਹਾਲ ਰੱਖਣ ਲਈ ਸਾਰਾ ਯਤਨ ਕਰਨਾ ਤਾਂ ਬਣਦਾ ਹੈ। ਵਧੇਰੇ ਕੁਦਰਤੀ ਜੀਵਨ ਅਖਤਿਆਰ ਕਰੋ।"

**ਸੁਖਨ ਏ ਬੇਅੰਤ ਵਿਚੋਂ**

# ਖ਼ਬਰਨਾਮਾ

## ਥਾਈਲੈਂਡ ਦੌਰਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਾਲ ੨੦੨੬ ਦੌਰਾਨ ਦੂਜੀ ਵਾਰ ਥਾਈਲੈਂਡ ਦੇ ਸ਼ਹਿਰ ਬੈਂਕੌਕ ਵਿਖੇ 18 ਤੋਂ 24 ਅਪ੍ਰੈਲ ਤਕ ਦਰਸ਼ਨ ਦਿੱਤੇ। 18 ਅਪ੍ਰੈਲ ਨੂੰ ਰਾਤ ਲਗਪਗ 11 ਵਜੇ ਬੈਂਗਲੋਰ ਤੋ ਬੈਂਕੌਕ ਦੇ ਸਵਰਨਭੂਮੀ ਏਅਰਪੋਰਟ ਪਹੁੰਚੇ। ਦੇਰ ਰਾਤ ਡੇਰਾ ਪਕਾਮਾਸ ਪਹੁੰਚ ਕੇ ਥੋੜ੍ਹਾ ਸਮਾਂ ਅਰਾਮ ਕੀਤਾ। 19 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 5 ਤੋ 7 ਵਜੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਦੀ ਅਗਵਾਈ ਹੇਠ ਸੰਤਾ ਸਿੰਘ ਗਾਇਨ, ਬਸੰਤ ਸਿੰਘ ਗਾਇਨ, ਬਸੰਤ ਸਿੰਘ ਤਬਲਾ ਤੇ ਪ੍ਰਭਜੀਤ ਕੌਰ "ਸਾਰੰਗੀ" ਨੇ ਰਲ ਨਾਮਧਾਰੀ ਗੁਰਦੁਆਰਾ ਸੋਇ ਅਸੋਕ ਵਿਖੇ ਕੀਤਾ। ਸ਼ਾਮ ਨੂੰ ਵੀ ਨਾਮਧਾਰੀ ਗੁਰਦੁਆਰਾ ਵਿਖੇ ਵੈਸਾਖੀ ਦਾ ਮੇਲਾ ਮਨਾਉਦਿਆਂ ਹੋਇਆਂ 5 ਤੋ 7 ਵਜੇ ਤੱਕ ਸਮਾਗਮ ਹੋਇਆ ਜਿਸ ਵਿੱਚ ਪਹਿਲਾਂ ਇੱਕ ਘੰਟਾ ਨਾਮ ਸਿਮਰਨ ਤੇ ਉਪਰੰਤ 1 ਘੰਟੇ ਲਈ ਦਾਸ ਨੇ ਦੀਵਾਨ ਸਜਾਇਆ। ਵੈਸਾਖੀ ਨੂੰ ਮੁੱਖ ਰਖਦਿਆਂ ਅੱਜ ਦੇ ਦੀਵਾਨ ਵਿੱਚ ਪੰਜ ਪਿਆਰਿਆਂ ਦੀ ਸਾਜਨਾ ਤੇ ਮਹਾਨਤਾ ਬਾਰੇ ਦੱਸਿਆ ਗਿਆ।

20-21 ਅਪ੍ਰੈਲ ਨੂੰ ਰੋਜ਼ਾਨਾ ਸਵੇਰੇ ਆਸਾ ਦੀ ਵਾਰ 4.30 ਤੋ 6.30 ਵਜੇ ਤੱਕ ਡੇਰਾ ਪਕਾਮਾਸ ਤੇ ਸ਼ਾਮ ਦਾ ਪ੍ਰੋਗਰਾਮ 6 ਤੋ 8 ਵਜੇ ਤੱਕ ਗੁਰਦਵਾਰੇ ਹੁੰਦਾ ਰਿਹਾ। ਸਵੇਰ ਤੇ ਸ਼ਾਮ ਦੇ ਕੀਰਤਨ ਦੀ ਸੇਵਾ ਹਜ਼ੂਰੀ ਰਾਗੀ ਜੱਥੇ ਵਲੋਂ ਨਿਭਾਈ ਗਈ। ਕੀਰਤਨ ਉਪਰੰਤ ਸਤਿਗੁਰੂ ਜੀ ਹੁਕਮ ਕੀਤਾ ਕਿ ਅਗਰ ਕਿਸੇ ਨੌਜਵਾਨ ਦੇ ਮਨ ਵਿਚ ਗੁਰਮਤਿ ਸਿਧਾਂਤ ਪ੍ਰਤੀ ਕੋਈ ਸ਼ੰਕਾ ਹੋਵੇ ਤਾਂ ਜ਼ਰੂਰ ਪੁੱਛਿਆ ਜਾਵੇ। ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਸਿੱਖੀ ਧਾਰਨ ਕਰਨ ਲਈ ਪ੍ਰੇਰਿਤ ਕੀਤਾ।

22 ਅਪ੍ਰੈਲ ਨੂੰ ਪ੍ਰਬੰਧਕਾਂ ਵਲੋਂ ਥਾਈਲੈਂਡ ਦੇ ਸਮੁੰਦਰ ਕਿਨਾਰੇ ਵਸੇ ਹੋਏ ਕਰੱਬੀ ਨਾਮ ਦੇ ਇਲਾਕੇ ਚ ਘੁੰਮਣ ਦੀ ਵਿਉਂਤਬੰਦੀ ਕੀਤੀ ਗਈ। ਸਤਿਗੁਰੂ ਜੀ ਵਲੋਂ ਪ੍ਰਵਾਨਗੀ ਮਿਲਣ ਉਪਰੰਤ ਲਗਪਗ 40 ਕੁ ਸਰੀਰਾਂ ਦਾ ਜਥਾ ਬੈਂਕੌਕ ਤੋ 1 ਘੰਟੇ ਦੀ ਹਵਾਈ ਉਡਾਣ ਰਾਹੀਂ ਕਰੱਬੀ ਪਹੁੰਚਿਆ। ਛੋਟਾ ਜਿਹਾ ਸ਼ਹਿਰ ਪਰ ਸਾਫ਼ ਸੁਥਰਾ, ਘੱਟ ਵਸੋਂ ਪਰ ਘੁੰਮਣ ਆਏ ਸੈਲਾਨੀਆਂ ਦੀ ਗਿਣਤੀ ਵੱਧ, ਕੁਦਰਤ ਦੇ ਨਜ਼ਾਰੇ ਦੇਖਣ ਵਾਲੇ ਸਨ। ਕਰਬੀ ਤੋਂ ਤੇਜ਼ ਰਫ਼ਤਾਰ ਨਾਲ ਚੱਲਣ ਵਾਲੀਆਂ ਕਿਸ਼ਤੀਆਂ ਰਾਹੀਂ ਫੀਫ਼ੀ ਟਾਪੂ ਅਤੇ ਮਾਇਆ ਟਾਪੂ ਵੇਖੇ ਗਏ। ਏਥੇ ਹੀ ਮੱਛੀਆਂ ਦੀ ਇੱਕ ਸ਼ਾਰਕ ਨਾਮ ਦੀ ਪ੍ਰਜਾਤੀ ਦੀ ਨਰਸਰੀ ਹੈ ਜਿੱਥੇ 250-300 ਮੀਟਰ ਦੇ ਦਾਇਰੇ ਵਿੱਚ ਇਹਨਾ ਦਾ ਬਚਪਨ ਸਾਂਭਿਆ ਜਾਂਦਾ ਹੈ। ਸਮੁੰਦਰ ਵਿੱਚ ਗੋਤਾ ਲਗਾਕੇ ਐਨਕਾਂ ਤੇ ਆਕਸੀਜਨ ਪਾਈਪ ਦੀ ਵਰਤੋਂ ਨਾਲ ਸਮੁੰਦਰ ਹੇਠਾਂ ਮੱਛੀਆਂ ਨੂੰ ਦੇਖਿਆ ਜਾ ਸਕਦਾ ਹੈ। ਸਮੁੰਦਰ ਵਿੱਚ ਨਹਾਉਣ ਦੇ ਚਾਹਵਾਨ ਨੌਜਵਾਨਾਂ ਨੇ ਘੰਟਿਆਂ ਬੱਧੀ ਆਪਣੀ ਇੱਛਾ ਪੂਰੀ ਕੀਤੀ। ਸਮੁੰਦਰ ਦੇ ਇੱਕ ਕਿਨਾਰੇ (ਬੀਚ) ਤੋ ਦੂਜੇ ਕਿਨਾਰੇ ਜਾਣ ਲਈ ਵੱਡੀਆਂ ਸਪੀਡ ਕਿਸ਼ਤੀਆਂ ਦਾ ਸਫ਼ਰ ਵੀ ਆਨੰਦ ਭਰਪੂਰ ਸੀ। ਰਾਤ 11 ਵਜੇ ਤੱਕ ਇਸ ਟਾਪੂ ਤੋਂ ਵਾਪਸੀ ਹੋਈ।

ਅਗਲੇ ਦਿਨ 23 ਅਪ੍ਰੈਲ ਨੂੰ ਆਸਾ ਦੀ ਵਾਰ ਦਾ ਕੀਰਤਨ ਡੇਰਾ ਪਕਾਮਾਸ ਵਿਖੇ ਹਜ਼ੂਰੀ ਰਾਗੀਆਂ ਵਲੋਂ ਕੀਤਾ ਗਿਆ। ਸ਼ਾਮ ਨੂੰ ਇੱਕ ਘੰਟਾ ਨਾਮ ਸਿਮਰਨ ਉਪਰੰਤ ਬ੍ਰਹਮ ਕੌਰ ਸਪੁੱਤਰੀ ਰਾਗੀ ਬਲਵੰਤ ਸਿੰਘ ਨੇ ਸ਼ਬਦ ਗਾਇਣ ਕੀਤਾ। ਹੁਕਮ ਅਨੁਸਾਰ ਦਾਸ ਨੇ ਮਾਤਾ ਚੰਦ ਕੌਰ ਜੀ ਨੂੰ ਯਾਦ ਕਰਦਿਆਂ ਦੀਵਾਨ ਸਜਾਇਆ। ਅੱਜ ਮਾਤਾ ਮੋਹਿੰਦਰ ਕੌਰ ਸਚਦੇਵ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਕੀਤੀ ਗਈ। ਸਤਿਗੁਰੂ ਜੀ ਉਪਦੇਸ਼ ਕਰਦਿਆਂ ਬਚਨ ਕੀਤਾ ਕਿ ਮਾਤਾ ਮੋਹਿੰਦਰ ਕੌਰ ਜੀ ਦੇ ਸਪੁੱਤਰ ਸ. ਨਰਿੰਦਰਪਾਲ ਸਿੰਘ ਨੂੰ ਇਹ ਸੁਭਾਗ ਪ੍ਰਾਪਤ ਹੋਇਆ ਕਿ ਜਦੋਂ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੇਹ ਕਰਕੇ ਢਿੱਲੇ ਹੁੰਦੇ ਸਨ ਤਾਂ ਹਰ ਇਲਾਜ ਲਈ ਡਾਕਟਰ ਜੀ ਦੀ ਸਲਾਹ ਜ਼ਰੂਰ ਲੈਂਦੇ ਸਨ। ਹਰ ਓਪਰੇਸ਼ਨ ਦੇ ਸਮੇਂ ਡਾਕਟਰ ਜੀ ਨੂੰ ਆਪਣੇ ਕੋਲ ਹੀ ਰੱਖਦੇ ਸਨ। ਮਾਤਾ ਜੀ ਆਪ ਬੜੇ ਚੰਗੇ ਗੁਰਸਿੱਖ ਸਨ ਇਸਲਈ ਬੱਚੇ ਵੀ ਸਿੱਖੀ ਵਿੱਚ ਹੋ ਪ੍ਰਪੱਕ ਹਨ। ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਵੀ ਪ੍ਰੇਰਿਆ ਕਿ ਤੁਸੀਂ ਵੀ ਤਗੜੇ ਹੋਕੇ ਸਿੱਖੀ ਨਾਲ ਪਿਆਰ ਕਰੋ, ਇਸ ਉੱਤੇ ਮਾਣ ਕਰੋ, ਯਤਨ ਕਰੋ ਕਿ ਤੁਹਾਡੇ ਬੱਚੇ ਸਿੱਖ ਬਣਨ। ਉਹ ਸਿੱਖ ਬਣਨਗੇ ਤਾਂਹੀ ਉਹ ਚੰਗੇ ਇਨਸਾਨ ਬਣਨਗੇ। ਇਸ ਦੌਰੇ ਦੌਰਾਨ ਹੁਕਮ ਅਨੁਸਾਰ ਬੱਚਿਆਂ ਵਲੋਂ ਪੇਸ਼ਕਾਰੀਆਂ ਹੁੰਦੀਆਂ ਰਹੀਆਂ। ਭਗਵਾਨ ਕੌਰ, ਨਵਨੀਤ ਸਿੰਘ, ਨਵਜੋਤ ਕੌਰ ਬੱਚਿਆਂ ਵਲੋਂ ਸ਼ਬਦ ਗਾਇਣ ਕੀਤੇ ਗਏ। ਬੀਬੀ

ਸਤਵਿੰਦਰ ਕੌਰ ਨੇ ਸੋਲੋ ਸਿਤਾਰ ਵਜਾਈ। ਇੱਕ ਦਿਨ ਨੌਜਵਾਨ ਬੀਬੀਆਂ ਵਲੋਂ ਨੌਵੇਂ ਮਹੱਲੇ ਦੇ ਸਲੋਕ ਵੀ ਪੜ੍ਹੇ ਗਏ। 3 ਬੱਚਿਆਂ ਦੀ ਦਸਤਾਰਬੰਦੀ ਦੌਰਾਨ ਸਤਿਗੁਰੂ ਜੀ ਪ੍ਰਸੰਨਤਾ ਪ੍ਰਗਟ ਕਰਦਿਆਂ ਬਚਨ ਕੀਤਾ 'ਕੋਈ ਹਰਿਆ ਬੂਟ ਰਹਿਓ ਰੀ' ਸਤਿਗੁਰੂ ਜੀ ਦੀ ਕਿਰਪਾ ਹੈ, ਸ਼ੁਕਰ ਹੈ ਕਿ ਏਥੇ (ਥਾਈਲੈਂਡ) ਵੀ ਬੱਚਿਆਂ ਨੇ ਕੇਸ ਰੱਖੇ ਹਨ। ਸ੍ਰੀ ਸਤਿਗੁਰੂ ਜੀ ਵਲੋਂ ਹੇਠ ਲਿਖੇ ਨਾਮਧਾਰੀ ਪਰਿਵਾਰਾਂ ਘਰ ਚਰਨ ਪਾਏ ਗਏ। ਸੇਠ ਸੁਰਮ੍ਰਿਤ ਸਿੰਘ, ਡ. ਨਰਿੰਦਰਪਾਲ ਸਿੰਘ, ਸੇਠ ਅਮਰ ਸਿੰਘ ਚਾਵਲਾ, ਸੇਠ ਦਰਸ਼ਨ ਸਿੰਘ ਚਾਵਲਾ ਦੇ ਬੱਚਿਆਂ ਘਰ, ਸ. ਕੁਲਦੀਪ ਸਿੰਘ ਕਾਲੜਾ ਦੇ ਸਪੁੱਤਰ ਕੁਲਬੀਰ ਸਿੰਘ,ਸ. ਅਜਿੰਦਰਪਾਲ ਸਿੰਘ ਮਨੋਚਾ ਇਤਿਆਦ। 24 ਅਪ੍ਰੈਲ ਨੂੰ ਸ. ਜਸਪਾਲ ਸਿੰਘ ਸਚਦੇਵ ਘਰ ਪ੍ਰਸ਼ਾਦਾ ਛਕਿਆ। ਕੁਝ ਸਮੇਂ ਲਈ ਨਾਮਧਾਰੀ ਗੁਰਦੁਆਰਾ ਲਈ ਬਣ ਰਹੀ ਨਵੀਂ ਬਿਲਡਿੰਗ ਦੇ ਕਾਰਜਾਂ ਨੂੰ ਵੇਖਣ ਅਤੇ ਗੁਰਦਵਾਰੇ ਦੇ ਨਵੀਂ ਬਣੀ ਕਮੇਟੀ ਨੂੰ ਮਿਲਣ ਲਈ ਗਏ। ਸ਼ਾਮ ਨੂੰ ਲਗਪਗ 7 ਵਜੇ ਏਅਰਪੋਰਟ ਵੱਲ ਰਵਾਨਾ ਹੋਏ।

**ਜਥੇ. ਨਿਸ਼ਾਨ ਸਿੰਘ ਦਿੱਲੀ**

.....................................................

## ਬੀਬੀ ਸੁਵਰਨ ਕੌਰ ਜੀ ਦੀ ਯਾਦ ਵਿੱਚ ਸਹਿਜ ਪਾਠ ਦਾ ਭੋਗ

ਅੱਜ ਸ੍ਰੀ ਭੈਣੀ ਸਾਹਿਬ ਬੀਬੀ ਸੁਵਰਨ ਕੌਰ ਜੀ ਦੀ ਯਾਦ ਵਿਚ ਸਹਿਜਪਾਠ ਦਾ ਭੋਗ ਪਾਇਆ ਗਿਆ ਬੀਬੀ ਜੀ ਪਿਛਲੇ ਸਾਲ 13 ਜੁਲਾਈ ਨੂੰ ਚੜਾਈ ਕਰ ਗਏ ਸਨ। ਆਪਣੀ ਜੀਵਨ ਯਾਤਰਾ ਵਿਚ ਬੀਬੀ ਜੀ ਦਾ ਸਤਿਗੁਰੂ ਚਰਨਾਂ ਤੇ ਭਰੋਸਾ ਇਨ੍ਹਾਂ ਦ੍ਰਿੜ ਸੀ ਕਿ ਗੁਰੂ ਹੁਕਮ ਤੋਂ ਬਾਹਰੀ ਕੋਈ ਕਾਰਜ ਕਦੇ ਪ੍ਰਵਾਨ ਨਹੀਂ ਕੀਤਾ। ਬੀਬੀ ਜੀ ਦੇ ਪੁੱਤਰ ਸ. ਦਲਜੀਤ ਸਿੰਘ ਕਲਸੀ ਅਤੇ ਹਰਬੰਸ ਸਿੰਘ ਕਲਸੀ ਨੇ ਦੱਸਿਆ ਸਾਡਾ ਨਾਨਕਾ ਪਿੰਡ ਭਾਣਾ ਲੰਙਾ ਜ਼ਿਲਾ ਕਪੂਰਥਲਾ ਹੈ। ਸਾਡੇ ਨਾਨਾ ਜੀ ਸ. ਰਾਮ ਸਿੰਘ ਸੰਤ ਪ੍ਰੇਮ ਸਿੰਘ ਲੋਹਾਰਾਂ ਵਾਲਿਆਂ ਦੀ ਸੰਗਤ ਵਿਚ ਨਾਮਧਾਰੀ ਬਣੇ ਸੀ। ਸੰਤ ਪ੍ਰੇਮ ਸਿੰਘ ਲੋਹਾਰਾਂ ਨਾਲ ਕਰਾਚੀ ਕੱਠੇ ਕੰਮ ਕਾਰ ਕਰਦਿਆਂ ਉਹਨਾਂ ਤੋਂ ਪ੍ਰਭਾਵਿਤ ਹੋ ਸਾਡੇ ਨਾਨਾ ਜੀ ਸਿੱਖ ਬਣੇ। ਜਦੋਂ ਮੇਰੀ ਮਾਤਾ ਦਾ ਵਿਆਹ ਹੋਇਆ ਤਾਂ ਸਾਡੇ ਪਿਤਾ ਜੀ ਸ਼ਰਾਬ ਪੀ ਲੈਂਦੇ ਸੀ। ਮੇਰੀ ਮਾਤਾ ਨਾਮਧਾਰੀਆਂ ਦੀ ਧੀ ਸੀ ਇਸ ਕਰਕੇ ਉਹ ਭਾਂਵੇ ਪਿਤਾ ਜੀ ਨਾਲ ਇਸ ਗੱਲ ਦਾ ਕਲੇਸ਼ ਨਾ ਕਰਦੇ ਪਰ ਸਾਨੂੰ ਉਸ ਮਾਹੌਲ ਤੋਂ ਚਾਰੇ ਭੈਣ ਭਰਾਵਾਂ ਨੂੰ ਹਮੇਸ਼ਾ ਬਚਾ ਕੇ ਰੱਖਿਆ, ਦਲਜੀਤ ਸਿੰਘ ਨੇ ਦੱਸਿਆ ਇਕ ਵਾਰੀ ਛੋਟੇ ਹੁੰਦੇ ਮੇਰੀਆਂ ਐਕਸੀਡੈਂਟ ਵਿਚ ਲੱਤਾਂ ਤੇ ਬਾਹਾਂ ਟੁੱਟ ਗਈਆਂ। ਸਾਡਾ ਪਿਤਾ ਲੋਕਾਂ ਤੋਂ ਸੁਣ ਬਾਰ-ਬਾਰ ਕਹਿੰਦਾ, ਬੱਚੇ ਨੂੰ ਆਂਡਾ ਤੇ ਖਰੋੜਿਆਂ ਦਾ ਸੂਪ ਦਈਐ ਤਾਂ ਕਿ ਜਲਦੀ ਠੀਕ ਹੋ ਜਾਏ। ਮੇਰੀ ਮਾਤਾ ਨੇ ਉਸ



ਦੀ ਇਕ ਨਾ ਮੰਨੀ ਇਥੋਂ ਤੱਕ ਕਿ ਇਕ ਦਿਨ ਪਿਤਾ ਆਂਡਾ ਲੈ ਕੇ ਆਏ ਮੈਨੂੰ ਮੰਜੀ ਤੇ ਪਏ ਨੂੰ ਕਿਹਾ ਜੇ ਤੂੰ ਅੱਜ ਆਂਡਾ ਨਾ ਖਾਦਾ ਤਾਂ ਮੈਂ ਨਹਿਰ ਵਿਚ ਛਾਲ ਮਾਰ ਦਿਆਗਾਂ। ਮਾਂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਪਿਤਾ ਨੂੰ ਕਿਹਾ ਜੇ ਤੂੰ ਨਹਿਰ ਵਿਚ ਛਾਲ ਮਾਰਨੀ ਹੈ ਤਾਂ ਮੈਨੂੰ ਨਾਲ ਲੈ ਕੇ ਜਾਈ ਓਥੇ ਜਾ ਕੇ ਤੇਰਾ ਮੰਨ ਨਾ ਬਦਲ ਜਾਵੇ ਮੈਂ ਧੱਕਾ ਦੇਣ ਲਈ ਨਾਲ ਜਾਵਾਂਗੀ ਪਰ ਤੂੰ ਇਹ ਡਰਾਵੇ ਸਾਨੂੰ ਨਾ ਦੇ। ਹਰਬੰਸ ਸਿੰਘ ਜੀ ਨੇ ਦੱਸਿਆ ਸਾਡੇ ਪਿਤਾ ਸ਼ਰਾਬ ਛੱਡਣ ਦੀ ਗੱਲ ਵੀ ਬਹੁਤ ਅਨੌਖੀ ਹੈ ਸਾਡੇ ਘਰ ਅਕਸਰ ਸਾਧਾਂ ਸੰਤਾਂ ਦਾ ਆਉਣਾ ਜਾਣਾ ਸੀ ਜੋ ਸੰਤ ਉਗਰਾਹੀ ਕਰਨ ਦੀਵਾਨ ਲਾਉਣ ਨਾਨਕੇ ਪਿੰਡ ਆਉਂਦੇ ਉਹਨਾਂ ਨੂੰ ਨਾਨਾ ਜੀ ਇਧਰ ਵੀ ਭੇਜ ਦਿੰਦੇ ਸੰਤ ਜਗਤ ਸਿੰਘ, ਸੰਤ ਰੰਗ ਬਰੰਗੀ ਜੀ ਅਕਸਰ ਸਾਡੇ ਘਰ ਆਉਂਦੇ ਸੀ। ਉਸ ਦਿਨ ਸੰਤ ਰੰਗ ਬਰੰਗੀ ਸਾਡੇ ਘਰ ਆਏ ਸੀ। ਮੇਰੇ ਪਿਤਾ ਸ਼ਰਾਬ ਪੀ ਕੇ ਰਾਤ ਆਏ ਤੇ ਉਹਨਾਂ ਬਾਰੇ ਵਾਧ ਘਾਟ ਬੋਲੇ ਇਹ ਵੀ ਕਿਹਾ ਸਾਧਾ ਸੰਤਾਂ ਦਾ ਡੇਰਾ ਘਰਾਂ ਵਿਚ ਨਹੀਂ ਹੁੰਦਾ ਗੁਰਦੁਆਰੇ ਹੁੰਦਾ ਹੈ। ਸੰਤ ਜੀ ਰਾਤ ਕੋਠੇ ਉਤੇ ਪਏ ਰਹੇ, ਉਹ ਰਾਤ ਸੌਂਦੇ ਘੱਟ ਸੀ ਸ਼ਬਦ ਪੜ੍ਹਦੇ ਰਹਿੰਦੇ ਸਨ। ਉਸ ਦਿਨ ਉਹਨਾਂ ਸ਼ਬਦ ਵੀ ਨਹੀਂ ਪੜ੍ਹੇ। ਸਵੇਰੇ-ਸਵੇਰੇ ਪਿਤਾ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਉਹਨਾਂ ਤੋਂ ਮਾਫੀ ਮੰਗੀ ਪਰ ਫਿਰ ਥੋੜੇ ਦਿਨਾਂ ਬਾਅਦ ਸ਼ਰਾਬ ਛੱਡਣ ਦੀ ਗੁਰਦੁਆਰੇ ਅਰਦਾਸ ਕਰ ਆਏ ਫਿਰ ਸਾਰੀ ਜ਼ਿੰਦਗੀ ਨਹੀਂ ਪੀਤੀ। ਮਾਤਾ ਇੱਕ ਕੱਟੜ, ਨਾਮਧਾਰੀ ਸੀ ਜਿਸ ਦਾ ਪੂਰਨ ਭਰੋਸਾ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਸੀ, ਪਿਛਲੇ ਸਾਲ ਜੁਲਾਈ 13 ਨੂੰ ਉਹ ਚੜ੍ਹਾਈ ਕਰ ਗਏ ਸਨ। ਅੱਜ ਉਹਨਾਂ ਦੇ ਵਰੀਨ੍ਹੇ ਦਾ ਭੋਗ ਸੀ ਇਸ ਕਰਕੇ ਅਸੀਂ ਸਾਰਾ ਪਰਿਵਾਰ ਸ੍ਰੀ ਭੈਣੀ ਸਾਹਿਬ ਆਏ ਸੀ।

**ਸੰਪਾਦਕ**

# ਥਾਈਲੈਂਡ ਦੌਰਾ

18 ਤੋਂ 24 ਅਪ੍ਰੈਲ 2026









Date of Publication: 06 May 2026
Date of Posting: 08 May 2026

RNI NO.55658/93
LDM/008/2021-2023




Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.